42
Oct. - Dec. 2021

SAINI BHAWAN RUPNAGAR PUNJAB
ਸਰਬਤ ਦਾ ਭਲਾ
Estb. 1971

# ਸੈਣੀ ਸੰਸਾਰ
# Saini Sansar



## Olympics 2020 Special



## ਅੰਦਰ ਪੜ੍ਹੋ

- ਓਲੰਪਿਕਸ ਖੇਡਾਂ
- ਸੈਣੀ ਭਵਨ ਦੀਆਂ ਸਰਗਰਮੀਆਂ
- ਵਜ਼ੀਫਿਆਂ ਦੇ ਦਾਨੀ ਸੱਜਣ
- ਸਿਹਤਮੰਦ ਸਾਹਿਤਕ ਰਚਨਾਵਾਂ
- ਸੈਣੀ ਸਖ਼ਸ਼ੀਅਤਾਂ
- ਮੈਟਰੀਮੋਨੀਅਲਜ਼

PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

 R.N.I. No. : PUNBIL/2011/48578

Volume - XI, Issue - IV
Oct. - Dec. 2021

# Saini Sansar

(Quarterly)


PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**
**Late Sh. L.R. Mundra**
Asstt. Police Commissioner
(Delhi) (Retd.)

**CHIEF EDITOR**
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Jagdev Singh**
J.E. PSPCL (Retd.)
Ph. : 98883-96364

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

**U.S.A.** : **Dr. Manavpreet Kaur** Professor (English)
# 10936, Brighton Lane, Frisco, Tx-75033 (USA)

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI


| Subscription / Assistance Money | India | Abroad |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ______ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।


Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**


**Date of Publication : 08.10.2021**

# ਸੈਣੀ ਸੰਸਾਰ
(ਤਿਮਾਹੀ)

ਜਿਲਦ 11, ਅੰਕ 4 — ਅਕਤੂਬਰ - ਦਸੰਬਰ 2021

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)



ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)



ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।


**ਮੁੱਖ ਪੰਨੇ 'ਤੇ ਫੋਟੋ : ਓਲੰਪਿਕਸ ਖੇਡਾਂ ਦੀ ਮਸ਼ਾਲ**

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ - ਖੇਡਾਂ ਅਤੇ ਖੇਡ ਮੁਕਾਬਲੇ | 3-4 |
| ਸੈਣੀ ਭਵਨ ਦੀਆਂ ਸਰਗਰਮੀਆਂ | 5-6 |
| ਰੂਹਾਨੀ ਸੈਣੀ ਸਖ਼ਸ਼ੀਅਤ - ਭਗਤ ਨਨੂਆ | 7-8 |
| ਕਵਿਤਾਵਾਂ | 9 |
| New Five Years Members of Saini Sansar | 10 |
| ਓਲੰਪਿਕ ਖੇਡਾਂ ਅਤੇ ਭਾਰਤ | 11 |
| ਓਲੰਪਿਕ ਖੇਡਾਂ ਦਾ ਇਤਿਹਾਸ | 12 |
| Donors of Scholarships | 13-14 |
| ਟੋਕੀਓ ਓਲੰਪਿਕਸ 2020 ਦੇ ਜੇਤੂ ਭਾਰਤੀ ਖਿਡਾਰੀ | 15-16 |
| ਸੋਨੇ ਵਰਗੀ ਕਾਂਸੀ | 17 |
| ਟੋਕੀਓ ਪੈਰਾਓਲੰਪਿਕਸ-2020 ਦੇ ਜੇਤੂ ਭਾਰਤੀ ਖਿਡਾਰੀ | 18-20 |
| ਸੈਣੀ ਓਲੰਪਿਅਨ ਖਿਡਾਰੀ | 21-22 |
| ਟੋਕੀਓ ਓਲੰਪਿਕਸ 2020 ਵਿੱਚ ਵਾਪਰੇ ਕ੍ਰਿਸ਼ਮੇ | 23 |
| ਕਹਾਣੀ - ਇਹ ਹੱਤਿਆ ਕਿਸਨੇ ਕੀਤੀ ? | 24-25 |
| ਬਿਹਤਰ ਵਿਵਸਥਾ ਹੀ ਬਣਾ ਸਕਦੀ ਹੈ ਸਮਰੱਥ ਖਿਡਾਰੀ | 26-27 |
| ਗਜ਼ਲ, ਕਵਿਤਾ | 28 |
| ਪਰਿਵਾਰ ਹੁੰਦਾ ਹੈ ਜ਼ਿੰਦਗੀ ਦੀ ਧਰੋਹਰ | 29-30 |
| ਬਦਾਮ ਦੀ ਕਹਾਣੀ | 31 |
| Life without Water is not possible on Earth | 32 |
| ਖੇਤੀ ਸੰਕਟ ਦਾ ਹੱਲ | 33-34 |
| ਔਰਤ ਦੇ ਦੁੱਖਾਂ ਦੀ ਗਾਥਾ-ਪੁਸਤਕ "ਮੱਸਿਆ ਤੋਂ ਪੁੰਨਿਆਂ" | 35-36 |
| ਜੇਤੂਨ ਦੇ ਬਾਗਾਂ ਦਾ ਸ਼ਹਿਰ - ਓਹਾਏ | 37-38 |
| Matrimonials | 39-44 |



## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |



ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ

# ਖੇਡਾਂ ਅਤੇ ਖੇਡ ਮੁਕਾਬਲੇ

ਅਜਮੇਰ ਸਿੰਘ (ਡਾ.)
ਰੂਪਨਗਰ



ਖੇਡ ਮਨੁੱਖ ਦੀ ਜਮਾਂਦਰੂ ਅਤੇ ਸੁਭਾਵਿਕ ਕਿਰਿਆ ਹੈ। ਖੇਡਾਂ ਉਸ ਦੇ ਅੰਗਾਂ ਦੇ ਵਿਕਾਸ ਲਈ ਜ਼ਰੂਰੀ ਹਨ। ਇਹ ਮਨੁੱਖੀ ਮਨ ਨੂੰ ਵਿਗਾਸ ਦਿੰਦੀਆਂ ਹਨ। ਗੁਰਬਾਣੀ ਦਾ ਕਥਨ ਹੈ, ' ਨਚਣੁ ਕੁਦਣੁ ਮਨ ਕਾ ਚਾਉ'। ਨਵੇਂ ਜਨਮੇ ਬੱਚੇ ਨੂੰ ਖੇਡਣ ਦੀ ਕੋਈ ਸਿਖਲਾਈ ਨਹੀਂ ਦਿੱਤੀ ਜਾਂਦੀ। ਉਹ ਆਪਣੇ ਆਪ ਹੀ ਲੱਤਾਂ-ਬਾਹਾਂ ਮਾਰ ਕੇ ਖੁਸ਼ ਹੁੰਦਾ ਹੈ। ਥੋੜ੍ਹਾ ਵੱਡਾ ਹੋ ਕੇ ਚੀਜ਼ਾਂ ਨੂੰ ਤੋੜ-ਜੋੜ ਕੇ ਖੇਡਣ ਲਗਦਾ ਹੈ। ਅਜਿਹਾ ਕਰ ਕੇ ਉਹ ਆਪਣੀਆਂ ਅੰਦਰੂਨੀ ਭਾਵਨਾਵਾਂ ਦਾ ਪ੍ਰਗਟਾਉ ਕਰਦਾ ਹੈ। ਫਿਰ ਉਹ ਆਪਣੇ ਹਾਣੀ ਬੱਚਿਆਂ ਨਾਲ ਖੇਡਣ ਲਈ ਬਾਹਰ ਭੱਜਦਾ ਹੈ ਅਤੇ ਰੋਕਣ ਨਾਲ ਚੀਕ-ਚਿਹਾੜਾ ਪਾਉਂਦਾ ਹੈ। ਕੇਵਲ ਬਿਮਾਰ ਬੱਚਾ ਹੀ ਖੇਡਣ ਤੋਂ ਗੁਰੇਜ਼ ਕਰਦਾ ਹੈ। ਦੇਸੀ ਖੇਡਾਂ ਜਿਵੇਂ ਛੂਹਣ-ਛੁਆਈ, ਲੁਕਣ-ਮੀਚੀ, ਅੱਡੀ-ਟੱਪਾ, ਕੱਦੂ-ਵੇਲ ਅਤੇ ਘੋਟਣਾ-ਛਪਾਕੀ ਆਦਿ ਮਨੁੱਖ ਦੀ ਖੇਡ-ਪਰਵਿਰਤੀ ਨੂੰ ਹੀ ਦਰਸਾਉਂਦੀਆਂ ਸਨ। ਇਨ੍ਹਾਂ ਖੇਡਾਂ ਲਈ ਕਿਸੇ ਖਾਸ ਤਰ੍ਹਾਂ ਦੇ ਮਹਿੰਗੇ ਸਮਾਨ ਅਤੇ ਵਿਸ਼ੇਸ਼ ਸਿਖਲਾਈ ਦੀ ਜ਼ਰੂਰਤ ਨਹੀਂ ਸੀ। ਇਨ੍ਹਾਂ ਦੇ ਨਿਯਮ ਵੀ ਬਹੁਤ ਲਚਕੀਲੇ ਹੁੰਦੇ ਸਨ। ਇਹ ਖੇਡਾਂ ਬੱਚੇ ਵਿੱਚ ਦੂਜਿਆਂ ਨਾਲ ਸਹਿਯੋਗ ਕਰਨ ਦੀ ਭਾਵਨਾ ਨੂੰ ਉਤਪਨ ਕਰਨ ਅਤੇ ਉਸ ਦੀ ਸਹਿਨਸ਼ਕਤੀ ਨੂੰ ਵਧਾਉਣ ਲਈ ਅਤਿ ਜ਼ਰੂਰੀ ਸਨ। ਇਹ ਖੇਡਾਂ ਮਨੁੱਖ ਨੂੰ ਅੱਗੇ ਵਧਣ ਲਈ ਉਤਸ਼ਾਹਿਤ ਤਾਂ ਕਰਦੀਆਂ ਸਨ ਪਰ ਆਪਣੇ ਤੋਂ ਅੱਗੇ ਲੰਘ ਗਏ ਸਾਥੀ ਪ੍ਰਤਿ ਈਰਖਾ ਅਤੇ ਵੈਰ-ਵਿਰੋਧ ਨੂੰ ਜਨਮ ਨਹੀਂ ਦਿੰਦੀਆਂ ਸਨ। ਇਹ ਖੇਡਾਂ ਮਨੁੱਖ ਦੀ ਸਖਸ਼ੀਅਤ ਦਾ ਉਸਾਰੂ ਵਿਕਾਸ ਕਰਦੀਆਂ ਸਨ। ਇਹ ਮਨੁੱਖ ਦੇ ਆਲੇ-ਦੁਆਲੇ ਦੇ ਮਾਹੌਲ ਵਿੱਚ ਘੁਲੀਆਂ-ਮਿਲੀਆਂ ਹੋਣ ਕਾਰਨ ਆਪਮੁਹਾਰਾ ਹੁੰਦੀਆਂ ਸਨ। ਸਮੇਂ ਦੇ ਵਹਾਅ ਨੇ ਬੱਚਿਆਂ ਨੂੰ ਇਨ੍ਹਾਂ ਦੇਸੀ ਖੇਡਾਂ ਤੋਂ ਵਿਰਵੇ ਕਰ ਦਿੱਤਾ ਹੈ। ਹੁਣ ਉਨ੍ਹਾਂ ਨੂੰ ਇਨ੍ਹਾਂ ਨਾਲ ਕੋਈ ਲਗਾਓ ਨਹੀਂ ਰਿਹਾ। ਸਮਾਜ ਨੇ ਵੀ ਇਨ੍ਹਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ।

ਖੇਡਾਂ, ਕਿਰਤ ਅਮਲ ਵਿੱਚ ਲੱਗੇ ਮਨੁੱਖਾਂ ਦੇ ਮਨੋਰੰਜਨ ਦੇ ਸਾਧਨ ਵਜੋਂ ਵੀ ਉਪਜੀਆਂ ਸਨ। ਮਨੁੱਖ ਦੀਆਂ ਪੈਦਾਵਾਰੀ ਸਰਗਰਮੀਆਂ ਨਾਲ ਇਨ੍ਹਾਂ ਦਾ ਗੂੜ੍ਹਾ ਰਿਸ਼ਤਾ ਸੀ। ਜੰਗਲਾਂ ਵਿੱਚ ਸ਼ਿਕਾਰ ਕਰਨਾ, ਖੇਤੀ ਕਰਨਾ ਤੇ ਗੁਜ਼ਾਰੇ ਲਈ ਹੋਰ ਲੋੜੀਂਦੀਆਂ ਗਤੀਵਿਧੀਆਂ ਵਿੱਚ ਮਨੁੱਖੀ ਸ਼ਕਤੀ ਦਾ ਮੁਜ਼ਾਹਰਾ ਹੀ ਇਨ੍ਹਾਂ ਖੇਡਾਂ ਦਾ ਆਧਾਰ ਬਣਿਆ। ਦੌੜਾਂ, ਉੱਚੀਆਂ-ਲੰਮੀਆਂ ਛਾਲਾਂ, ਭਾਰ ਚੁੱਕਣਾ, ਤੀਰ ਅੰਦਾਜ਼ੀ, ਨੇਜ਼ਾ ਸੁੱਟਣਾ, ਘੋਲ ਅਤੇ ਮੁੱਕੇਬਾਜ਼ੀ ਆਦਿ ਵਰਗੀਆਂ ਖੇਡਾਂ ਮਨੁੱਖ ਦੇ ਕਿਰਤ ਅਮਲੇ ਦੀ ਉਪਜ ਸਨ। ਇਸ ਭਾਵਨਾ ਅਧੀਨ ਹੀ 776 ਈ.ਪੂਰਬ ਵਿੱਚ ਸ਼ੁਰੂ ਹੋਈਆਂ ਪੁਰਾਤਨ ਓਲੰਪਿਕਸ ਦੇ ਪਹਿਲੇ ਸਾਲ ਕੇਵਲ ਦੌੜ ਮੁਕਾਬਲੇ ਹੀ ਹੋਏ। ਫਿਰ ਇਨ੍ਹਾਂ ਵਿੱਚ ਰੱਥ ਦੌੜਾਂ ਅਤੇ ਕੁੱਸ਼ਤੀਆਂ ਸ਼ਾਮਿਲ ਕੀਤੀਆਂ ਗਈਆਂ। ਇਹ ਖੇਡਾਂ ਕਿਰਤ ਅਮਲ ਵਿੱਚ ਲੱਗੇ ਲੋਕਾਂ ਦਾ ਮਾਨਸਿਕ ਥਕੇਵਾਂ ਦੂਰ ਕਰਨ ਦਾ ਜ਼ਰੀਆ ਸਨ।

ਸੰਨ 1896 ਵਿੱਚ ਆਰੰਭ ਹੋਈਆਂ ਵਿਸ਼ਵ ਪੱਧਰੀ ਆਧੁਨਿਕ ਓਲੰਪਿਕਸ ਨੇ ਖੇਡਾਂ ਨੂੰ ਖੇਡ ਮੁਕਾਬਲਿਆਂ ਵਿੱਚ ਬਦਲ ਦਿੱਤਾ ਹੈ। ਹੁਣ ਦੇਸ਼ਾਂ ਦੀ ਪ੍ਰਬੰਧ-ਵਿਵਸਥਾ ਅਤੇ ਤਾਕਤ ਦੀ ਪਰਖ ਯੁੱਧ-ਮੈਦਾਨਾਂ ਦੀ ਬਜਾਏ ਖੇਡ-ਮੈਦਾਨਾਂ ਵਿੱਚ ਹੋਣ ਲੱਗੀ ਹੈ। ਮੁਲਕਾਂ ਦੇ ਖੇਡ-ਪ੍ਰਬੰਧ ਹੁਣ ਵਪਾਰਕ ਕਾਰੋਬਾਰੀ ਹਿਤਾਂ ਦੀ ਪੂਰਤੀ ਦਾ ਸਾਧਨ ਬਣ ਗਏ ਹਨ। ਇਹ ਘੁਸਪੈਠ ਭਾਵੇਂ ਪੂੰਜੀਵਾਦੀ ਨਿਜ਼ਾਮਾਂ ਦੇ ਨਾਲ ਹੀ ਸ਼ੁਰੂ ਹੋ ਗਈ ਸੀ ਪਰ ਟੈਲੀਵਿਜ਼ਨ ਤੇ ਇੰਟਰਨੈਟ ਦੇ ਆਰੰਭ ਹੋਣ ਨਾਲ ਇਹ ਵਰਤਾਰਾ ਹੋਰ ਵੀ ਡੂੰਘਾ ਹੋ ਗਿਆ ਹੈ। ਇਨ੍ਹਾਂ ਖੇਡ-ਮੁਕਾਬਲਿਆਂ ਵਿੱਚ ਚੈਂਪੀਅਨ ਬਣ ਕੇ ਉੱਭਰੇ ਖਿਡਾਰੀਆਂ ਦੀਆਂ ਡੋਰਾਂ ਵੱਡੀਆਂ ਬਹੁ-ਕੌਮੀ ਕੰਪਨੀਆਂ ਦੇ ਹੱਥ ਵਿੱਚ ਆ ਜਾਂਦੀਆਂ ਹਨ। ਇਸ ਤੋਂ ਇੰਜ ਜਾਪਣ ਲਗਦਾ ਹੈ ਕਿ ਟੀ.ਵੀ ਦੀਆਂ ਸਕਰੀਨਾਂ 'ਤੇ ਦਿਖਾਏ ਜਾਂਦੇ ਖਿਡਾਰੀਆਂ ਦੇ ਜਾਹੋ-ਜਲਾਲ ਲੋਕਾਂ ਨੂੰ ਕੰਪਨੀਆਂ ਦੇ ਗਾਹਕ ਬਣਨ ਲਈ ਬੁਣਿਆ ਗਿਆ ਜਾਲ ਹੈ। ਕ੍ਰਿਕਟ ਦੀ ਖੇਡ ਇਸ ਵਰਤਾਰੇ ਦਾ ਸਿਖਰਲਾ ਨਮੂਨਾ ਹੈ। ਇਸ ਖੇਡ ਦਾ ਬਹੁ-ਦੇਸ਼ੀ ਕੰਪਨੀਆਂ ਦੇ ਹਿਤਾਂ ਨਾਲ ਰਿਸ਼ਤਾ ਏਨਾ ਗੂੜ੍ਹਾ ਹੋ ਗਿਆ ਹੈ ਕਿ ਭਾਰਤ ਵਿੱਚ ਕਰੋਨਾਂ ਦੇ ਭੈਅ ਸਮੇਂ ਜਦੋਂ ਸਾਰੀਆਂ ਗਤੀਵਿਧੀਆ ਬੰਦ ਸਨ ਤਾਂ ਵੀ ਆਈਪੀਐਲ ਮੁਕਾਬਲੇ ਕਰਵਾਏ ਗਏ। ਪੰਜਾਬ ਅੰਦਰ ਕਬੱਡੀ ਦੀ ਖੇਡ ਦਾ ਹਸ਼ਰ ਵੀ ਵਪਾਰੀਕਰਨ ਦੀ ਵੱਖਰੀ ਮਿਸਾਲ ਹੈ। ਪੇਂਡੂ ਨੌਜਵਾਨਾਂ ਦੀ ਰਵਾਇਤੀ ਜ਼ਿੰਦਗੀ 'ਚੋਂ ਨਿਕਲ ਕੇ ਜਦੋਂ ਕਬੱਡੀ ਅਮਰੀਕਾ ਅਤੇ ਕੈਨੇਡਾ ਦੇ ਮੈਦਾਨਾਂ ਵਿੱਚ ਗਈ ਤਾਂ ਵਪਾਰਕ ਹਿਤਾਂ ਕਾਰਨ ਵਿਦੇਸ਼ ਪਹੁੰਚਣ ਦਾ ਜ਼ਰੀਆ ਅਤੇ ਨਸ਼ਿਆਂ ਦੀ ਸਮਗਲਿੰਗ ਜਿਹੇ ਨਾਹਪੱਖੀ ਮੰਤਵਾਂ ਨਾਲ ਜੁੜ ਕੇ ਆਖਰ ਦਮ ਤੋੜ ਗਈ।

ਬਾਜ਼ਾਰ ਦੀ ਇਸ ਪਹੁੰਚ ਨੇ ਖੇਡਾਂ ਨੂੰ ਮਨੁੱਖੀ ਸਮਾਜ ਅੰਦਰ ਉਸ ਦੇ ਮੂਲ ਮੰਤਵ ਤੋਂ ਬਹੁਤ ਦੂਰ ਕਰ ਦਿੱਤਾ ਹੈ। ਇਸ ਮਸ਼ੀਨੀਕਰਨ ਵਾਲੇ ਯੁੱਗ ਵਿੱਚ ਪੇਸ਼ਾਵਰ ਖਿਡਾਰੀ ਪੈਦਾ ਕਰਨ ਦੀ ਪਹੁੰਚ ਇੱਥੋਂ ਤੱਕ ਪਹੁੰਚ ਗਈ ਹੈ ਕਿ ਪੈਦਾਵਾਰੀ ਕਿਰਤ ਸਰਗਰਮੀ ਨਾਲੋਂ ਖੇਡਾਂ ਦਾ ਮੁਕੰਮਲ ਨਾਤਾ ਤੋੜ ਦਿੱਤਾ ਗਿਆ ਹੈ। ਖੇਤਾਂ, ਫੈਕਟਰੀਆਂ, ਖਾਣਾ ਤੇ ਜੰਗਲਾਂ ਵਿੱਚ ਕੰਮ ਕਰਦੇ ਕਰੋੜਾਂ ਮਜ਼ਦੂਰਾਂ, ਕਿਸਾਨਾਂ ਤੇ ਉਨ੍ਹਾਂ ਦੇ ਬੱਚਿਆਂ ਦਾ ਇਨ੍ਹਾਂ ਖੇਡਾਂ ਨਾਲ ਹੁਣ ਕੋਈ ਰਿਸ਼ਤਾ ਨਹੀਂ ਰਿਹਾ। ਖੇਡਾਂ ਨੂੰ ਕਰੀਅਰ ਬਣਾਉਣ ਦੇ ਅਜਿਹੇ ਜ਼ਰੀਏ ਵਜੋਂ ਲਿਆ ਜਾ ਰਿਹਾ ਹੈ ਜਿਸ ਅੰਦਰ ਕੁੱਝ ਵਰ੍ਹਿਆਂ

ਦੇ ਅੰਦਰ ਹੀ ਕਰੋੜਾਂ-ਅਰਬਾਂ ਰੁਪਏ ਕਮਾ ਲਏ ਜਾਣਗੇ। ਫਿਰ ਉਮਰ ਭਰ ਬਿਨਾਂ ਕੁੱਝ ਕੀਤੇ ਹੀ ਜ਼ਿੰਦਗੀ ਗੁਜ਼ਾਰੀ ਜਾ ਸਕੇਗੀ। ਖਿਡਾਰੀ ਹੋਰ ਕੋਈ ਕਿੱਤਾ ਅਪਣਾਉਣ ਦੇ ਵੀ ਕਾਬਲ ਨਹੀਂ ਰਹਿੰਦਾ। ਉਸ ਨੂੰ ਆਪਣੀ ਖੇਡ ਪ੍ਰਤਿਭਾ ਨੂੰ ਹੋਰ ਨਿਖਾਰਨ ਦੀ ਜ਼ਰੂਰਤ ਹੀ ਮਹਿਸੂਸ ਨਹੀਂ ਹੁੰਦੀ। ਇਸ ਨਾਲ ਖੇਡ ਦਾ ਅਸਲ ਮੰਤਵ ਪਿੱਛੇ ਰਹਿ ਜਾਂਦਾ ਹੈ। ਇਹ ਹੀ ਕਾਰਨ ਹੈ ਕਿ ਭਾਰਤ ਦੇ ਬਹੁਤੇ ਓਲੰਪਿਕ ਜੇਤੂ ਖਿਡਾਰੀ ਦੁਬਾਰਾ ਮੈਡਲ ਜਿੱਤਣ ਵਿੱਚ ਕਾਮਯਾਬ ਨਹੀਂ ਹੁੰਦੇ।

ਸਮਾਜਿਕ ਵਿਕਾਸ ਦੇ ਮੌਜੂਦਾ ਪੱਧਰ 'ਤੇ ਪਹੁੰਚ ਕੇ ਖੇਡਾਂ ਇਸ ਸਮਾਜ ਅੰਦਰ ਸਿਹਤਮੰਦ ਤੇ ਉਸਾਰੂ ਰੁਚੀਆਂ ਦਾ ਸੰਚਾਰ ਤਾਂ ਹੀ ਕਰ ਸਕਦੀਆਂ ਹਨ ਜੇ ਇਹ ਉਨ੍ਹਾਂ ਦੇ ਪੈਦਾਵਾਰੀ ਕਿਰਤ ਅਮਲ ਨਾਲ ਜੁੜੀਆਂ ਹੋਣ। ਲੋਕ ਕੇਵਲ ਟੀਵੀ ਦੇ ਦਰਸ਼ਕ ਹੀ ਨਾ ਹੋਣ, ਸਗੋਂ ਖੇਡਾਂ ਅੰਦਰ ਹਿੱਸੇਦਾਰ ਹੋਣ। ਸਥਾਨਕ ਪੱਧਰਾਂ 'ਤੇ ਪਿੰਡਾਂ ਅਤੇ ਕਸਬਿਆਂ ਵਿੱਚ ਲੋਕਾਂ ਦੀ ਸ਼ਮੂਲੀਅਤ ਵਾਲੇ ਖੇਡ ਮੁਕਾਬਲੇ ਹੀ ਮਨੁੱਖੀ ਸਮਾਜ ਵਿੱਚ ਖੇਡਾਂ ਦੀ ਸਾਰਥਕ ਵਰਤੋਂ ਦਾ ਸਾਧਨ ਹੋ ਸਕਦੇ ਹਨ। ਡਾਲਰਾਂ-ਪੌਂਡਾਂ ਅਤੇ ਕਰੋੜਾਂ ਰੁਪਇਆਂ ਨਾਲ ਤੁਲਦੇ ਖਿਡਾਰੀ ਕਿਸੇ ਮੁਲਕ ਦੇ ਸਮਾਜਿਕ ਜੀਵਨ ਅੰਦਰ ਖੇਡਾਂ ਦੀ ਸਾਰਥਿਕ ਭੂਮਿਕਾ ਦੀ ਗਵਾਹੀ ਨਹੀਂ ਦਿੰਦੇ। ਇਹ ਤਾਂ ਸਗੋਂ ਮਨੁੱਖੀ ਸਮਾਜਿਕ ਜ਼ਿੰਦਗੀ 'ਚ ਖੇਡਾਂ ਦੀ ਲਾਹੇਵੰਦ ਵਰਤੋਂ ਨਾ ਕਰ ਸਕਣ ਦਾ ਸਬੂਤ ਹਨ।

ਇਸ ਪ੍ਰਕਾਰ ਵਰਤਮਾਨ ਓਲੰਪਿਕਸ ਦੀਆਂ ਖੇਡਾਂ ਹੁਣ 'ਮਨ ਕਾ ਚਾਉ' ਨਾ ਰਹਿ ਕੇ ਧਨ-ਕਮਾਊ ਪੇਸ਼ਾਵਰ ਕਿੱਤਾ ਬਣ ਗਈਆਂ ਹਨ। ਇਹ ਖੇਡਾਂ ਨਹੀਂ, ਖੇਡ ਮੁਕਾਬਲੇ ਹਨ।

❊❊ ❊❊ ❊❊

## ਸਵਾਗਤ

ਰੂਪਨਗਰ ਸ਼ਹਿਰ ਦੇ ਜਗਜੀਤ ਸਿੰਘ ਨਗਰ ਦੇ ਵਾਸੀ ਸ. ਦਲਜੀਤ ਸਿੰਘ ਪੁੱਤਰ ਸਵ.ਸਰਦਾਰ ਪ੍ਰਦੁੱਮਣ ਸਿੰਘ ਨੂੰ ਸੈਣੀ ਭਵਨ ਦੀ ਸਮਾਜਸੇਵੀ ਸੰਸਥਾ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਦਾ ਟਰੱਸਟੀ ਨਾਮਜ਼ਦ ਕੀਤਾ ਗਿਆ ਹੈ। ਆਪ ਰਾਜ ਪੱਧਰੀ ਐਥਲੀਟ ਅਤੇ ਪ੍ਰਤਿਬੱਧ ਖੂਨਦਾਨੀ ਹਨ। ਆਪ ਇੱਕ ਪ੍ਰਸਿੱਧ ਸਮਾਜਸੇਵੀ ਪਰਿਵਾਰ ਨਾਲ ਸੰਬੰਧ ਰਖਦੇ ਹਨ। ਆਪ ਪੰਜਾਬ ਰਾਜ ਬਿਜਲੀ ਬੋਰਡ ਤੋਂ ਸੇਵਾਮੁਕਤ ਹੋਏ ਹਨ। ਆਪ ਕਾਫੀ ਸਮੇਂ ਤੋਂ ਸੈਣੀ ਭਵਨ ਨਾਲ ਜੁੜੇ ਹੋਏ ਹਨ ਅਤੇ ਇਸ ਦੀਆਂ ਸਰਗਰਮੀਆਂ ਵਿੱਚ ਪੂਰੀ ਤਨਦੇਹੀ ਨਾਲ ਸ਼ਾਮਲ ਹੁੰਦੇ ਹਨ। ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਉਮੀਦ ਹੈ ਕਿ ਉਹ ਸੈਣੀ ਭਵਨ ਦੇ ਕਾਰਜਾਂ ਨੂੰ ਹੋਰ ਅੱਗੇ ਵਧਾਉਣ ਵਿੱਚ ਸਹਾਈ ਹੋਣਗੇ।



## ਵਧਾਈਆਂ



*** ਐਡਵੋਕੇਟ ਹਰਸਿਮਰ ਸਿੰਘ ਸਿੱਟਾ ਪੁੱਤਰ ਸਵ. ਨਰਿੰਦਰ ਸਿੰਘ ਸਿੱਟਾ, ਰੋਟਰੀ ਕਲੱਬ ਰੂਪਨਗਰ ਦੇ ਸਾਲ 2021-22 ਲਈ ਪ੍ਰਧਾਨ ਬਣਾਏ ਗਏ ਹਨ। ਆਪ ਦਾ ਪਰਿਵਾਰ ਸੈਣੀ ਭਵਨ ਨਾਲ ਬਹੁਤ ਸਮੇਂ ਤੋਂ ਜੁੜਿਆ ਹੋਇਆ ਹੈ। ਆਪ ਇਲਾਕੇ ਦੀਆਂ ਕਈ ਸਮਾਜਸੇਵੀ ਸੰਸਥਾਵਾਂ ਦੇ ਸਰਗਰਮ ਮੈਂਬਰ ਹਨ। ਆਪ ਪੰਜਾਬ ਸਰਕਾਰ ਦੇ ਕਾਨੂੰਨ ਵਿਭਾਗ ਵਿੱਚ ਸਹਾਇਕ ਐਡਵੋਕੇਟ ਜਨਰਲ ਰਹਿ ਚੁੱਕੇ ਹਨ। ਸੈਣੀ ਭਵਨ ਦੇ ਪ੍ਰਬੰਧਕ ਆਪ ਦੀ ਇਸ ਪ੍ਰਾਪਤੀ ਲਈ ਅਤਿਅੰਤ ਖੁਸ਼ ਹਨ ਅਤੇ ਉਨ੍ਹਾਂ ਦੀ ਸਫਲਤਾ ਲਈ ਅਰਦਾਸ ਕਰਦੇ ਹਨ।



*** ਸ਼੍ਰੀਮਤੀ ਕੁਲਵਿੰਦਰ ਕੌਰ ਸੈਣੀ ਪਤਨੀ ਸ. ਗੁਰਸ਼ਰਨ ਸਿੰਘ ਸੈਣੀ ਵਾਸੀ ਗੋਬਿੰਦ ਵੈਲੀ ਰੂਪਨਗਰ ਇੰਨਰਵ੍ਹੀਲ ਕਲੱਬ ਦੇ ਸਾਲ 2021-22 ਲਈ ਪ੍ਰਧਾਨ ਨਿਯੁਕਤ ਹੋਏ ਹਨ। ਆਪ ਦਾ ਪਰਿਵਾਰ ਸੈਣੀ ਭਵਨ ਰੂਪਨਗਰ ਦਾ ਸ਼ੁੱਭਚਿੰਤਕ ਤੇ ਹਿਤੈਸ਼ੀ ਹੈ। ਆਪ ਹਰ ਸਾਲ ਵਿਦਿਆਰਥੀਆਂ ਨੂੰ ਵਜ਼ੀਫਾ ਦੇਣ ਲਈ ਵਿਤੀ ਯੋਗਦਾਨ ਪਾਉਂਦੇ ਹਨ। ਸੈਣੀ ਭਵਨ ਦੇ ਪ੍ਰਬੰਧਕ ਆਪ ਨੂੰ ਇਸ ਮਾਣਮੱਤੀ ਪੱਦਵੀ 'ਤੇ ਸੁਸ਼ੋਭਤ ਹੋਣ ਲਈ ਵਧਾਈ ਦਿੰਦੇ ਹਨ।



*** ਸੁਰਿੰਦਰ ਕੌਰ ਸੈਣੀ ਵਾਸੀ ਰੂਪਨਗਰ ਦਾ ਨਵਾਂ ਨਾਵਲ, 'ਮੱਸਿਆ ਤੋਂ ਪੁੰਨਿਆਂ' ਮਿਤੀ 11 ਜੁਲਾਈ 2021 ਨੂੰ ਰਿਲੀਜ਼ ਹੋਇਆ ਹੈ। ਆਪ ਸੇਵਾਮੁਕਤ ਅਧਿਆਪਕ ਅਤੇ ਸੈਣੀ ਭਵਨ ਰੂਪਨਗਰ ਦੇ ਸਹਿਯੋਗੀ ਹਨ। ਆਪ ਹੁਣ ਤੱਕ ਸਾਹਿਤਕ ਸੰਸਾਰ ਨੂੰ ਅੱਠ ਨਾਵਲ, ਕਹਾਣੀ ਸੰਗ੍ਰਿਹ ਤੇ ਕਾਵਿ-ਸੰਗ੍ਰਹਿ ਦੇ ਚੁਕੇ ਹਨ। ਪ੍ਰਮਾਤਮਾ ਆਪ ਨੂੰ ਹੋਰ ਬੁਲੰਦੀਆਂ ਬਖਸ਼ੇ।



*** ਸ. ਤਾਰਾ ਸਿੰਘ ਚੇੜਾ ਵਾਸੀ ਪਿੰਡ ਝਿੱਕਾ ਜ਼ਿਲ੍ਹਾ ਐਸ.ਬੀ.ਐਸ ਨਗਰ ਨੇ ਕਾਵਿ-ਪੁਸਤਕ 'ਬਿਰਹਾ ਦਾ ਗਮ' ਸਾਹਿਤਕ ਸੰਸਾਰ ਨੂੰ ਭੇਂਟ ਕੀਤੀ ਹੈ। ਆਪ ਪਹਿਲਾਂ ਵੀ ਕਈ ਕਾਵਿ-ਸੰਗ੍ਰਹਿ 'ਬਿਰਹਾ' ਸਿਰਲੇਖ ਅਧੀਨ ਲਿਖ ਚੁੱਕੇ ਹਨ। ਆਪ ਸੈਣੀ ਭਵਨ ਦੇ ਸ਼ੁੱਭਚਿੰਤਕ ਹਨ। ਪ੍ਰਮਾਤਮਾ ਆਪ ਨੂੰ ਲੰਬੀ ਉਮਰ ਬਖਸ਼ੇ।

❊❊ ❊❊ ❊❊

ਜੁਲਾਈ-ਸਤੰਬਰ, 2021 ਦੌਰਾਨ

## ਸੈਣੀ ਭਵਨ ਦੀਆਂ ਸਰਗਰਮੀਆਂ



ਰਾਜਿੰਦਰ ਸੈਣੀ
ਰੂਪਨਗਰ

**16ਵੇਂ ਖ਼ੂਨਦਾਨ ਕੈਂਪ ਦਾ ਆਯੋਜਨ-** ਸਮਾਜ ਸੇਵੀ ਸੰਸਥਾ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ ਸਮਾਜ ਭਲਾਈ ਦੇ ਪ੍ਰੋਗਰਾਮਾਂ ਤਹਿਤ 3 ਜੁਲਾਈ 2021 ਨੂੰ ਸੈਣੀ ਭਵਨ ਰੂਪਨਗਰ ਵਿਖੇ 16ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਕੈਂਪ ਦੌਰਾਨ ਰੋਟਰੀ ਅਤੇ ਬਲੱਡ ਬੈਂਕ ਸੋਸਾਇਟੀ ਰਿਸੋਰਸ ਸੈਂਟਰ ਚੰਡੀਗੜ੍ਹ ਤੋਂ ਡਾ. ਮੁਨੀਸ਼ ਦੀ ਅਗਵਾਈ 'ਚ ਆਈ ਟੀਮ ਵੱਲੋਂ 61 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ। **ਜ਼ਿਲ੍ਹਾ ਪੁਲਿਸ ਸਾਂਝ ਕੇਂਦਰ, ਰਜਨੀ ਹਰਬਲ ਮਲਿਕਪੁਰ ਤੇ ਗੁਰੂ ਨਾਨਕ ਕਰਿਆਨਾ ਸਟੋਰ ਪਪਰਾਲਾ** ਦੇ ਸਹਿਯੋਗ ਨਾਲ ਲਗਾਏ ਕੈਂਪ ਦਾ ਉਦਘਾਟਨ ਨਗਰ ਕੌਂਸਲ ਰੂਪਨਗਰ ਦੇ ਪ੍ਰਧਾਨ ਸ਼੍ਰੀ ਸੰਜੇ ਵਰਮਾ ਨੇ ਕੀਤਾ। ਉਨ੍ਹਾਂ ਇਸ ਮੌਕੇ ਬਲੱਡ ਡੋਨਰਜ਼ ਦਾ ਸਨਮਾਨ ਕਰਦੇ ਹੋਏ ਕਿਹਾ ਖ਼ੂਨਦਾਨ ਮਾਨਵਤਾ ਦੀ ਸੇਵਾ ਕਰਨ ਦਾ ਸਭ ਤੋਂ ਨੇਕ ਤੇ ਮਹਾਨ ਕਾਰਜ਼ ਹੈ। ਉਨ੍ਹਾਂ ਇਸ ਸਬੰਧ ਵਿੱਚ ਸੈਣੀ ਭਵਨ ਦੀ ਸੰਸਥਾ ਵਲੋਂ ਕੀਤੇ ਜਾ ਰਹੇ ਲੋਕ ਭਲਾਈ ਕਾਰਜ਼ਾ ਦੀ ਪ੍ਰਸ਼ੰਸਾ ਕਰਦੇ ਹੋਏ ਸੰਸਥਾ ਨੂੰ ਉਤਸਾਹਿਤ ਕਰਨ ਲਈ 21 ਹਜ਼ਾਰ ਰੁਪਏ ਦੀ ਮਾਲੀ ਮਦਦ ਕੀਤੀ। ਇਸ ਮੌਕੇ ਟਰੱਸਟ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਸੈਣੀ ਭਵਨ ਵਲੋਂ ਕੀਤੇ ਜਾ ਰਹੇ ਸਮਾਜ ਭਲਾਈ ਕੰਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਸੰਸਥਾ ਦੇ ਪੀਆਰਓ ਰਾਜਿੰਦਰ ਸੈਣੀ ਨੇ ਮੁੱਖ ਮਹਿਮਾਨ ਅਤੇ ਆਏ ਪਤਵੰਤੇ ਵਿਅਕਤੀਆਂ, ਬਲੱਡ ਡੋਨਰਜ਼ ਅਤੇ ਸਹਿਯੋਗੀ ਸੰਸਥਾਵਾਂ ਦਾ ਸਵਾਗਤ ਅਤੇ ਧੰਨਵਾਦ ਕੀਤਾ। ਕੈਂਪ ਦੌਰਾਨ ਸੰਤ ਸਿੰਘ ਵਲੋਂ 70ਵੀਂ ਵਾਰ, ਰਾਮਿੰਦਰ ਸਿੰਘ ਨੇ 43ਵੀ ਵਾਰ, ਜਗਦੇਵ ਸਿੰਘ ਨੇ 35ਵੀਂ ਵਾਰ, ਮਨਜੀਤ ਸਿੰਘ ਨੇ 26ਵੀਂ ਵਾਰ, ਅਮਿਤ ਸੈਣੀ ਤੇ ਧੀਰਜ਼ ਗੁਪਤਾ ਨੇ 21ਵੀਂ ਵਾਰ, ਕੰਵਰਜੀਤ ਸਿੰਘ ਤੇ ਜਗਦੀਪ ਸਿੰਘ ਨੇ 20ਵੀਂ ਵਾਰ, ਚਰਨਦੀਪ ਨੇ 19ਵੀ ਵਾਰ, ਕਮਲਦੀਪ ਸਿੰਘ ਨੇ 10ਵੀ ਵਾਰ ਤੋਂ ਇਲਾਵਾ ਬਲਜੀਤ ਕੌਰ ਨੇ 5ਵੀਂ ਵਾਰ ਅਤੇ ਨਵ-ਵਿਆਹੀ ਜੋੜੀ ਅਮਨਦੀਪ ਕੌਰ ਅਤੇ ਰਾਹੁਲ ਸੈਣੀ ਨੇ ਵੀ ਖ਼ੂਨਦਾਨ ਕੀਤਾ। ਇਸ ਮੌਕੇ ਤੇ ਐਮ ਸੀ ਅਮਰਿੰਦਰ ਸਿੰਘ ਰੀਹਲ, ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਇੰਚਾਰਜ ਰਣਜੀਤ ਸਿੰਘ ਬਡਵਾਲ, ਰਜਨੀ ਹਰਬਲ ਤੋਂ ਐਡਵੋਕੇਟ ਕੁਲਤਾਰ ਸਿੰਘ, ਬਲੱਡ ਡੋਨਰਜ਼ ਦਲਜੀਤ ਸਿੰਘ, ਕਮਲਜੀਤ ਸਿੰਘ ਬਾਬਾ, ਪਰਮਿੰਦਰ ਸਿੰਘ ਮਿੰਟਾ, ਭਰਤ ਕੁਮਾਰ ਤੋਂ ਇਲਾਵਾ ਸੰਸਤਾ ਦੇ ਟਰੱਸਟੀ ਤੇ ਪ੍ਰਬੰਧਕੀ ਕਮੇਟੀ ਮੈਂਬਰ, ਬਲਬੀਰ ਸਿੰਘ ਸੈਣੀ, ਡਾ. ਜਸਵੰਤ ਕੌਰ ਸੈਣੀ ਗੁਰਮੁੱਖ ਸਿੰਘ ਸੈਣੀ, ਗਰਮੁੱਖ ਸਿੰਘ ਲੋਂਗੀਆ, ਕੈਪਟਨ ਹਾਕਮ ਸਿੰਘ, ਰਾਮ ਸਿੰਘ ਸੈਣੀ, ਬਹਾਦਰਜੀਤ ਸਿੰਘ, ਰਾਜਿੰਦਰ ਸਿੰਘ ਗਿਰਨ, ਹਰਜੀਤ ਸਿੰਘ ਗਿਰਨ, ਅਮਰਜੀਤ ਸਿੰਘ, ਸੁਰਿੰਦਰ ਸਿੰਘ ਆਦਿ ਹਾਜ਼ਰ ਸਨ।

**''ਸੈਣੀ ਸੰਸਾਰ'' ਦੇ 41ਵੇਂ ਅੰਕ ਦਾ ਲੋਕਅਰਪਣ:-** ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਸੈਣੀ ਭਵਨ ਵਲੋ ਪ੍ਰਕਾਸਿਤ ਕੀਤੇ ਜਾਂਦੇ ਸਮਾਜਿਕ ਚੇਤਨਾ ਦੇ ਪ੍ਰਤੀਕ ਤਿਮਾਹੀ ਮੈਗਜ਼ੀਨ ''ਸੈਣੀ ਸੰਸਾਰ'' ਦਾ 41ਵਾਂ ਅੰਕ 3 ਜੁਲਾਈ 2021 ਨੂੰ ਲੋਕਅਰਪਣ ਕੀਤਾ ਗਿਆ। ਇਸ ਨੂੰ ਲੋਕਅਰਪਣ ਕਰਨ ਦੀ ਰਸਮ ਸੈਣੀ ਭਵਨ ਸੰਸਥਾ ਦੇ ਫਾਉਂਡਰ ਚੇਅਰਮੈਨ ਲੇਟ ਸ਼੍ਰੀ ਐਲ. ਆਰ. ਮੁੰਦਰਾ ਦੇ ਭਤੀਜੇ ਸਮਾਜ ਸੇਵੀ ਸ਼੍ਰੀ ਐਸ. ਐਮ. ਸਿੰਘ ਆਨਰੇਰੀ ਫਲਾਇੰਟ ਲੈਂਫ (ਰਿਟਾ.) ਵਲੋਂ ਅਦਾ ਕੀਤੀ ਗਈ। ਉਨ੍ਹਾਂ ਸੰਸਥਾਂ ਨੂੰ 11 ਹਜ਼ਾਰ ਰੁਪਏ ਦਾ ਦਾਨ ਵੀ ਕੀਤਾ। ਇਸ ਮੌਕੇ ਸੰਸਥਾ ਦੇ ਸਕੱਤਰ ਬਲਬੀਰ ਸਿੰਘ, ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ ਅਤੇ ਪੀਆਰਓ ਰਾਜਿੰਦਰ ਸੈਣੀ ਨੇ ਆਏ ਸਮੂਹ ਪਤਵੰਤਿਆਂ ਨੂੰ ਸੰਬੋਧਨ ਕੀਤਾ। ਇਸ ਮੌਕੇ ਤੇ ਮੁੰਦਰਾ ਪਰਿਵਾਰ ਤੋਂ ਵਿਸ਼ੇਸ਼ ਤੌਰ ਤੇ ਰਾਜਿੰਦਰ ਸਿੰਘ, ਕੁਲਦੀਪ ਸਿੰਘ, ਦਿਲਬਾਗ ਸਿੰਘ ਤੋਂ ਇਲਾਵਾ ਸੰਸਥਾ ਦੇ ਟਰੱਸਟੀ ਤੇ ਪ੍ਰਬੰਧਕੀ ਕਮੇਟੀ ਮੈਂਬਰ ਡਾ.ਅਜਮੇਰ ਸਿੰਘ, ਬਲਬੀਰ ਸਿੰਘ ਸੈਣੀ, ਡਾ. ਜਸਵੰਤ ਕੌਰ ਸੈਣੀ, ਗੁਰਮੁੱਖ ਸਿੰਘ ਸੈਣੀ, ਗਰਮੁੱਖ ਸਿੰਘ ਲੋਂਗੀਆ, ਕੈਪਟਨ ਹਾਕਮ ਸਿੰਘ, ਰਾਮ ਸਿੰਘ ਸੈਣੀ, ਬਹਾਦਰਜੀਤ ਸਿੰਘ, ਰਾਜਿੰਦਰ ਸਿੰਘ ਗਿਰਨ, ਹਰਜੀਤ ਸਿੰਘ ਗਿਰਨ, ਅਮਰਜੀਤ ਸਿੰਘ,ਜਗਦੇਵ ਸਿੰਘ, ਸੁਰਿੰਦਰ ਸਿੰਘ ਆਦਿ ਹਾਜ਼ਰ ਸਨ।

**ਵਣ-ਮਹਾਂਉਤਸਵ ਮਨਾਇਆ** -ਸਮਾਜ ਸੇਵੀ ਸੰਸਥਾਵਾਂ ਸੈਣੀ ਭਵਨ ਰੂਪਨਗਰ ਅਤੇ ਬਜ਼ੁਰਗਾਂ ਦੇ ''ਆਪਣਾ ਘਰ'' ਹਵੇਲੀ ਕਲਾਂ ਦੇ ਪ੍ਰਬੰਧਕਾਂ ਵੱਲੋਂ 25 ਜੁਲਾਈ 2021 ਨੂੰ ਸ਼੍ਰੀ ਗੁਰੂ ਨਾਨਕ ਦੇਵ



ਸਪੋਰਟਸ ਕਲੱਬ ਹਵੇਲੀ ਕਲਾਂ ਦੇ ਸਹਿਯੋਗ ਨਾਲ ਸ਼੍ਰੀ ਗੁਰੂ ਨਾਨਕ ਦੇਵ ਸਟੇਡਿਅਮ ਹਵੇਲੀ ਕਲਾਂ ਨੂੰ ਸੁੰਦਰ ਦਿੱਖ ਦੇਣ ਲਈ ਸਜਾਵਟੀ ਰੁੱਖ ਲਗਾਕੇ ਵਣ-ਮਹਾਂਉਤਸਵ ਮਨਾਇਆ ਗਿਆ। ਇਸ ਵਣ-ਮਹਾਂਉਤਸਵ ਸਮਾਗਮ ਦਾ ਅਰੰਭ ਮੁੱਖ ਮਹਿਮਾਨ ਸੰਤ ਬਾਬਾ ਅਵਤਾਰ ਸਿੰਘ ਜੀ, ਗੁਰਦੁਆਰਾ ਹੈਡ ਦਰਬਾਰ ਕੋਟ ਪੁਰਾਣ ਵਲੋਂ ਅਮਲਤਾਸ (ਫੁਲਦਾਰ) ਦਾ ਰੁੱਖ

ਲਗਾਕੇ ਕੀਤਾ ਗਿਆ। ਇਸ ਮੌਕੇ ਤੇ ਬੋਲਦਿਆ ਸੰਤ ਬਾਬਾ ਅਵਤਾਰ ਸਿੰਘ ਜੀ ਨੇ ਪ੍ਰਬੰਧਾਂ ਨੂੰ ਵਾਤਾਵਰਣ ਨੂੰ ਸਵੱਛ ਬਣਾਈ ਰੱਖਣ ਅਤੇ ਸਟੇਡਿਅਮ ਨੂੰ ਖੂਬਸੂਰਤ ਰੰਗਤ ਦੇਣ ਲਈ ਕੀਤੇ ਉਪਰਾਲੇ ਲਈ ਵਧਾਈ ਦਿੱਤੀ। ਉਨ੍ਹਾਂ ਕਲੱਬ ਮੈਂਬਰਾਂ ਨੂੰ ਸਟੇਡਿਅਮ ਦੇ ਵਿਕਾਸ ਲਈ ਲੋੜੀਂਦੀ ਮਦਦ ਕਰਨ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਤੇ ਬਜ਼ੁਰਗਾਂ ਦੇ "ਆਪਣਾ ਘਰ" ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਬਾਬਾ ਜੀ ਦਾ ਸਵਾਗਤ ਕੀਤਾ।ਇਸ ਮੌਕੇ ਦੋਵੇ ਸੰਸਥਾਵਾਂ ਦੇ ਮੈਂਬਰਾਂ ਨੇ ਕਲੱਬ ਦੇ ਨੌਜਵਾਨਾਂ ਨਾਲ ਮਿਲੇ ਸਟੇਡੀਅਮ ਦੇ ਚੁਗਿਰਦੇ ਨੂੰ ਖੂਬਸ਼ੂਰਤ ਬਣਾਉਣ ਲਈ 30 ਤੋਂ ਵੱਧ ਸਜਾਵਟੀ ਤੇ ਫੁਲਦਾਰ ਰੁੱਖ ਲਗਾਏ। ਇਸ ਮੌਕੇ ਸੈਣੀ ਭਵਨ ਦੇ ਪ੍ਰਧਾਨ ਡਾ. ਅਜਮੇਰ ਸਿੰਘ, ਕਲੱਬ ਦੇ ਪ੍ਰਧਾਨ ਹਰਵਿੰਦਰ ਸਿੰਘ, ਸਾਬਕਾ ਐਮਸੀ ਗੁਰਮੁੱਖ ਸਿੰਘ ਸੈਣੀ, ਮਦਨ ਮੋਹਨ ਗੁਪਤਾ, ਬਲਵਿੰਦਰ ਕੌਰ, ਹਵੇਲੀ ਕਲਾਂ ਦੇ ਨੰਬਰਦਾਰ ਸੰਦੀਪ ਸੈਣੀ, ਦੋਵੇ ਸੰਸਥਾਵਾਂ ਦੇ ਨੁਮਾਇੰਦੇ ਬਲਬੀਰ ਸਿੰਘ, ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਕੈਪਟਨ ਹਾਕਮ ਸਿੰਘ, ਗੁਰਮੁੱਖ ਸਿੰਘ ਲੋਂਗੀਆ, ਬਹਾਦਰਜੀਤ ਸਿੰਘ, ਜਗਦੇਵ ਸਿੰਘ, ਅਮਰਜੀਤ ਸਿੰਘ, ਰਾਜਿੰਦਰ ਸਿੰਘ ਗਿਰਨ, ਜੋਰਾਵਰ ਸਿੰਘ ਬਿੱਟੂ, ਜਗੀਰ ਸਿੰਘ ਹਵੇਲੀ ਕਲਾਂ, ਐਸ.ਐਮ ਸਿੰਘ, ਰਾਜਿੰਦਰ ਸਿੰਘ ਮੁੰਦਰਾ, ਹਰਦੀਪ ਸਿੰਘ, ਕੇ. ਐਸ. ਭੋਗਲ, ਕਲੱਬ ਦੇ ਸਕੱਤਰ ਜੋਤ ਪ੍ਰਕਾਸ਼, ਕੈਸ਼ੀਅਰ ਜੁਗਰਾਜ ਸਿੰਘ, ਹਰਮਨਜੀਤ ਸਿੰਘ, ਸੰਦੀਪ ਮੁੰਦਰਾ ਆਦਿ ਹਾਜ਼ਰ ਸਨ।

**ਤੀਆਂ ਦਾ ਤਿਉਹਾਰ–** ਸੈਣੀ ਭਵਨ ਵਿਖੇ 7 ਅਗਸਤ, 2021 ਨੂੰ ਸੰਸਥਾ ਦੀਆਂ ਸਿੱਖਿਆਰਥਣਾਂ ਵਲੋਂ ਇੰਨਰਵੀਲ੍ਹ ਕਲੱਬ ਰੂਪਨਗਰ ਦੇ ਸਹਿਯੋਗ ਨਾਲ ਸਾਉਣ ਦੀਆਂ ਤੀਆਂ ਦਾ ਤਿਉਹਾਰ ਪੂਰੇ ਉਤਸਾਹ ਨਾਲ ਮਨਾਇਆ ਗਿਆ। ਇਸ ਵਿੱਚ ਸਿੱਖਿਆਰਥਣਾਂ ਅਤੇ ਮਹਿਲਾਵਾਂ ਨੇ ਸੁੰਦਰ ਪਹਿਰਾਵੇ 'ਚ ਸੱਜ ਧੱਜ ਕੇ ਸਿਰਕਤ ਕੀਤੀ ਅਤੇ ਅਪਣੀ ਖੁਸ਼ੀ ਦਾ ਖੁਲ੍ਹਕੇ ਨੱਚ ਟੱਪ ਕੇ ਇਜ਼ਹਾਰ ਕੀਤਾ। ਸਿੱਖਿਆਰਥਣਾਂ ਨੇ ਵੱਖ ਵੱਖ ਤਰ੍ਹਾਂ ਦੇ ਗੀਤਾਂ ਤੇ ਆਪਣੇ ਫਨ ਦੇ ਰੰਗ ਵੀ ਵਖੇਰੇ। ਇਸ ਮੌਕੇ ਸੰਸਥਾ ਦੇ ਪ੍ਰਬੰਧਕ ਵੀ ਹਾਜ਼ਰ ਸਨ। ਇੰਨਰਵੀਲ੍ਹ ਕਲੱਬ ਦੀ ਪ੍ਰਧਾਨ ਕੁਲਵਿੰਦਰ ਕੌਰ ਨੇ ਇਸ ਮੌਕੇ ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਸਾਵਣ ਦੀਆਂ ਤੀਆਂ ਦਾ ਤਿਉਹਾਰ ਮਨਾਉਣ ਅਤੇ ਸਿੱਖਿਆਰਥਣਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਅੱਜ ਲੋੜ ਹੈ ਅਸ਼ੀ ਆਪਣੇ ਸਭਿਆਚਾਰ ਪੁਰਾਣੇ ਵਿਰਸੇ ਨੂੰ ਸੰਭਾਲਦੇ ਹੋਏ ਯੁਗੋ ਯੁਗ ਕਾਇਮ ਬਣਾਈ ਰੱਖਣਾ ਹੈ। ਸੈਣੀ ਭਵਨ ਦੇ ਪ੍ਰਬੰਧਕਾਂ ਨੇ ਕੁਲਵਿੰਦਰ ਕੌਰ ਸੈਣੀ ਨੂੰ ਇੰਨਰਵੀਲ੍ਹ ਕਲੱਬ ਰੂਪਨਗਰ ਦਾ ਪ੍ਰਧਾਨ ਬਣਨ 'ਤੇ ਸਨਮਾਨਿਤ ਕੀਤਾ। ਇਸ ਮੌਕੇ ਸਮਾਜ ਸੇਵਕਾ ਪਰਮਿੰਦਰ ਕੌਰ ਅਤੇ ਵਿਜੇ ਲਛਮੀ ਨੇ ਸਾਉਣ ਦੀਆਂ ਤੀਆਂ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ। ਸਮਾਗਮ ਮੌਕੇ ਸੇਵਾਮੁਕਤ ਪ੍ਰਿੰਸੀਪਲ ਰਾਜਿੰਦਰ ਕੌਰ ਨੂੰ ਸੰਸਥਾ ਦੇ ਪ੍ਰਬੰਧਕਾਂ ਵਲੋਂ ਸੈਣੀ ਭਵਨ ਨੂੰ 20 ਹਜ਼ਾਰ ਰੁਪਏ ਦੇਣ ਲਈ ਸਨਮਾਨਿਤ ਕੀਤਾ ਗਿਆ।ਇਸ ਮੌਕੇ ਇੰਨਰਵੀਲ੍ਹ ਕਲੱਬ ਦੇ ਮੈਂਬਰ-ਸਕੱਤਰ ਮਨਦੀਪ ਕੌਰ, ਆਸਮਾ ਅਗਰਵਾਲ, ਬਲਵਿੰਦਰ ਕੌਰ ਤੋਂ ਇਲਾਵਾ ਮਨਮੋਹਨ ਕੌਰ,ਪ੍ਰਤਿਭਾ ਸੈਣੀ, ਸੈਣੀ ਭਵਨ ਦੇ ਪ੍ਰਬੰਧਕ ਡਾ. ਅਜਮੇਰ ਸਿੰਘ, ਬਲਬੀਰ ਸਿੰਘ, ਡਾ. ਜਸਵੰਤ ਕੌਰ, ਅਮਰਜੀਤ ਸਿੰਘ, ਗੁਰਮੁੱਖ ਸਿੰਘ ਸੈਣੀ, ਰਾਮ ਸਿੰਘ ਸੈਣੀ, ਗੁਰਮੁੱਖ ਸਿੰਘ ਲੋਂਗੀਆ, ਕੈਪਟਨ ਹਾਕਮ ਸਿੰਘ, ਰਾਜਿੰਦਰ ਸੈਣੀ, ਰਾਜਿੰਦਰ ਸਿੰਘ ਗਿਰਨ, ਦਲਜੀਤ ਸਿੰਘ, ਅਜੀਤ ਸਿੰਘ, ਸੁਰਿੰਦਰ ਸਿੰਘ, ਹਰਦੀਪ ਸਿੰਘ ਆਦਿ ਵੀ ਹਾਜ਼ਰ ਸਨ।



**ਸਿਖਿਆਰਥਣਾਂ ਨੂੰ ਸੰਤੁਲਿਤ ਭੋਜਨ ਦੀ ਜਾਣਕਾਰੀ :**

ਸੈਣੀ ਭਵਨ ਦੇ ਕਿੱਤਾ ਕੇਂਦਰਾਂ ਵਿੱਚ ਪੜ੍ਹਦੀਆਂ ਸਿੱਖਿਆਰਥਣਾਂ ਨੂੰ ਚੰਗੀ ਸਿਹਤ ਲਈ ਸੰਤੁਲਿਤ ਖਾਦ-ਖੁਰਾਕ ਪ੍ਰਤਿ ਚੇਤੰਨਤਾ ਦੇਣ ਦੇ ਮੰਤਵ ਨਾਲ 9 ਸਤੰਬਰ ਨੂੰ ਇੰਟਰਵੀਲ ਕਲੱਬ ਰੂਪਨਗਰ ਵੱਲੋਂ ਸੈਣੀ ਭਵਨ ਵਿਖੇ ਇੱਕ ਕੈਂਪ ਲਗਾਇਆ ਗਿਆ। ਇਸ ਵਿੱਚ ਪਰਮਾਰ ਹਸਪਤਾਲ ਦੀ ਡਾਇਟੀਸ਼ੀਅਨ ਡਾਕਟਰ ਹਰਜੀਤ ਕੌਰ ਦੇ ਵਿਦਵਾਤਪੂਰਨ ਭਾਸ਼ਣ ਕੀਤਾ। ਇਸ ਸਮੇਂ 50 ਦੇ ਕਰੀਬ ਲੜਕੀਆਂ ਸੈਂਟਰਾਂ ਦੀਆਂ ਅਧਿਆਪਕ ਅਤੇ ਇੰਨਰਵੀਲ ਕਲੱਬ ਦੀਆਂ 15 ਦੇ ਕਰੀਬ ਮੈਂਬਰ ਮਹਿਲਾਵਾਂ ਹਾਜ਼ਰ ਸਨ। ਸੈਣੀ ਭਵਨ ਦੇ ਟਰੱਸਟੀ ਡਾ. ਜਸਵੰਤ ਕੌਰ ਸੈਣੀ ਨੇ ਡਾਕਟਰ ਅਤੇ ਆਯੋਜਕਾਂ ਦਾ ਧੰਨਵਾਦ ਕੀਤਾ।

❊ ❊ ❊ ❊ ❊

**ਪੰਜਾਬ ਦੇ ਨਵੇਂ ਬਣੇ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਨੂੰ ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਵੱਲੋਂ ਲੱਖ ਲੱਖ ਵਧਾਈ**



**ਸੈਣੀ ਭਵਨ ਦੇ ਟਰੱਸਟੀ ਸ. ਬਹਾਦਰਜੀਤ ਸਿੰਘ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਨੂੰ ਗੁਲਦਸਤਾ ਭੇਂਟ ਕਰਦੇ ਹੋਏ।** →

ਰੂਹਾਨੀ ਸੈਣੀ ਸਖਸ਼ੀਅਤ

## ਭਗਤ ਨਨੂਆਂ



ਗੁਰਮੁਖ ਸਿੰਘ ਲੌਂਗੀਆ
ਰੂਪਨਗਰ

ਨਨੂਆ ਭਗਤ, ਨਨੂਆ ਭਗਤ ਵਜ਼ੀਰਾਬਾਦੀ, ਨਨੂਆ ਸੈਣੀ, ਨਨੂਆ ਜਮਾਲਾ ਅਤੇ ਨਨੂਆ ਬੇਰਾਗੀ ਨਾਵਾਂ ਨਾਲ ਜਾਣੇ ਜਾਂਦੇ ਇਸ ਭਗਤ ਕਵੀ ਦੀ ਗਿਣਤੀ ਅਠ੍ਹਾਰਵੀਂ ਸਦੀ ਦੇ ਕਵੀਆਂ ਵਿੱਚ ਹੁੰਦੀ ਹੈ, ਪਰ ਇਸ ਦੇ ਜੀਵਨ ਬਾਰੇ ਬਹੁਤਾ ਕੁੱਝ ਗਿਆਤ ਨਹੀਂ। ਪਿਆਰਾ ਸਿੰਘ ਪਦਮ ਨੇ ਆਪਣੇ ਕੋਲ ਪਏ ਢਾਈ ਕੁ ਸਾਲ ਪੁਰਾਣੇ ਖਰੜੇ ਦੇ ਹਵਾਲੇ ਨਾਲ ਇੱਕ ਗ੍ਰੰਥ ਦੀ ਦੱਸ ਪਾਈ ਸੀ ਜਿਸ ਵਿੱਚ ਉਸ ਦੇ ਕੁਝ ਬਿਸ਼ਨਪਦੇ ਹਨ। ਉਸ ਨੇ ਇਹ ਸੰਭਾਵਨਾ ਵੀ ਜਤਾਈ ਹੈ ਕਿ ਹੋ ਸਕਦਾ ਹੈ ਭਗਤ ਦਾ ਪੂਰਾ ਨਾਂ ਜਮਾਲਾ ਨਨੂਆ ਹੋਵੇ, ਪਰ ਪ੍ਰਚੱਲਿਤ ਕੇਵਲ ਨਨੂਆ ਹੀ ਹੋ ਗਿਆ ਹੈ, ਕਿਉਂਕਿ ਉਸ ਦੀ ਸਾਰੀ ਕਾਵਿ-ਰਚਨਾ ਵਿੱਚ ਕਵੀ-ਛਾਪ ਵਜੋਂ ਇਹੋ ਨਾਂ ਆਇਆ ਹੈ। ਸ੍ਰੀ ਪਦਮ ਦਾ ਇਹ ਕਹਿਣਾ ਵੀ ਹੈ ਕਿ ਨਨੂਆ ਸੈਣੀ ਜਾਤੀ ਦਾ ਇੱਕ ਗੋਤਰ ਹੈ ਅਤੇ ਹੋ ਸਕਦਾ ਹੈ ਕਿ ਇਸੇ ਗੋਤਰ ਦੇ ਨਾਂ ਉੱਪਰ ਹੀ ਉਹ ਪ੍ਰਸਿੱਧ ਹੋ ਗਿਆ ਹੋਵੇ। ਨਨੂਆ ਸ਼ਬਦ ਦਾ ਸ਼ਾਬਦਿਕ ਅਰਥ ਨਿੱਕਾ ਜਾਂ ਛੋਟਾ ਹੈ।

ਭਗਤ ਨਨੂਆ ਦਾ ਜਨਮ ਸਤ੍ਹਾਰਵੀਂ ਸਦੀ ਦੇ ਅਖ਼ੀਰਲੇ ਵਰ੍ਹਿਆਂ ਵਿੱਚ ਜ਼ਿਲ੍ਹਾ ਗੁੱਜਰਾਂਵਾਲਾ ( ਅੱਜ ਕੱਲ੍ਹ ਪਾਕਿਸਤਾਨ) ਦੇ ਕਸਬੇ ਵਜ਼ੀਰਾਬਾਦ ਦੇ ਕਿਸੇ ਅਮੀਰ ਘਰਾਣੇ ਵਿੱਚ ਹੋਇਆ ਜੋ ਗੁਰੂ ਤੇਗ ਬਹਾਦਰ ਜੀ ਦਾ ਸ਼ਰਧਾਲੂ ਸੀ। ਭਾਈ ਸੰਤੋਖ ਸਿੰਘ ਨੇ ਵੀ ਗੁਰੂ ਸਾਹਿਬ ਦੇ ਸ਼ਰਧਾਲੂਆਂ ਵਿੱਚ ਇਸ ਦਾ ਨਾਂ ਸ਼ਾਮਲ ਕੀਤਾ ਹੈ। ਉਹ ਪਹਿਲਾਂ ਕੁੱਝ ਚਿਰ ਲਾਹੌਰ ਰਿਹਾ, ਪਰ ਛੇਤੀ ਹੀ ਗੁਰੂ ਤੇਗ ਬਹਾਦਰ ਜੀ ਕੋਲ ਕੀਰਤਪੁਰ ਸਾਹਿਬ ਚਲਿਆ ਗਿਆ। ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਨਨੂਆ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿੱਚ ਰਿਹਾ। ਗੁਰੂ ਤੇਗ ਬਹਾਦਰ ਜੀ ਜਦੋਂ ਨਨੂਆ ਉੱਪਰ ਬਹੁਤ ਦਿਆਲ ਹੋਏ ਤਾਂ ਸਿੱਖ ਸੰਗਤ ਨੇ ਗੁਰੂ ਜੀ ਕੋਲ ਬੇਨਤੀ ਕੀਤੀ ਕਿ ਉਸ ਨੂੰ ਮਸੰਦਗੀ, ਸਰਦਾਰੀ ਜਾਂ ਕੋਈ ਹੋਰ ਪਦਵੀ ਬਖ਼ਸ਼ ਦਿੱਤੀ ਜਾਵੇ, ਪਰ ਗੁਰੂ ਜੀ ਨੇ ਉਸ ਦੇ ਭਗਤੀ ਰੰਗ ਵਿੱਚ ਪੂਰੀ ਤਰ੍ਹਾਂ ਰੰਗੇ ਜਾਣ ਕਰ ਕੇ ਉਸ ਨੂੰ ਲਾਹੌਰ ਜਾਣ ਲਈ ਨਸੀਹਤ ਕੀਤੀ। ਲਾਹੌਰ ਵਿਖੇ ਉਸ ਦੀ ਮੁਲਾਕਾਤ ਇੱਕ ਮੁਸਲਮਾਨ ਫ਼ਕੀਰ ਨਾਲ ਹੋਈ ਤੇ ਭਗਤ ਨਨੂਆ ਉਸ ਦਾ ਮੁਰੀਦ ਬਣ ਗਿਆ। ਕੁੱਝ ਚਿਰ ਲਾਹੌਰ ਠਹਿਰਨ ਮਗਰੋਂ ਉਹ ਮੁੜ ਆਪਣੇ ਜੱਦੀ ਨਗਰ ਵਜ਼ੀਰਾਬਾਦ ਚਲਿਆ ਗਿਆ ਜਿੱਥੇ ਉਸ ਨੇ ਗੁਰਮਤਿ ਪ੍ਰਚਾਰ ਕਰਨਾ ਆਰੰਭ ਕਰ ਦਿੱਤਾ। ਇਹ ਵੀ ਮੰਨਿਆਂ ਜਾਂਦਾ ਹੈ ਕਿ ਸੇਵਾ ਪੰਥ ਦੇ ਮੋਢੀ ਭਾਈ ਕਨ੍ਹਈਆ ਇਸ ਤੋਂ ਬਹੁਤ ਪ੍ਰਭਾਵਿਤ ਸਨ। ਸੇਵਾਪੰਥੀ ਸਾਧੂਆਂ ਦੀ ਪੰਜਾਬੀ ਵਾਰਤਕ ਨੂੰ ਮਹੱਤਵਪੂਰਨ ਦੇਣ ਹੈ ਅਤੇ ਇਸ ਵਿੱਚ ਪਰਚੀਆਂ ਲਿਖਣਾ ਕਾਫ਼ੀ ਮਕਬੂਲ ਕਰਮ ਸੀ। ਇਸ ਦੁਆਰਾ ਮਹਾਂਪੁਰਸ਼ਾਂ ਦੀਆਂ ਲਿਖੀਆਂ ਪਰਚੀਆਂ ਵਿੱਚੋਂ ਇੱਕ 'ਪਰਚੀ ਭਾਈ ਕਨ੍ਹਈਆ ਜੀ ਕੀ' ਅੱਜ ਵੀ ਪ੍ਰਕਾਸ਼ਿਤ ਰੂਪ ਵਿੱਚ ਮਿਲਦੀ ਹੈ ਜਿਸ ਵਿੱਚ ਭਗਤ ਨਨੂਆ ਦਾ ਸੁਭਾਅ ਅਤੇ ਭਾਈ ਕਨ੍ਹਈਆ ਨੂੰ ਦਿੱਤੀਆਂ ਨਸੀਹਤਾਂ ਦਰਜ ਹਨ। ਪਰਚੀ ਦੇ ਕੁੱਝ ਸ਼ਬਦ ਦੇਖੋ: "ਨਨੂਆ ਜੀ ਮਹਾਂਗੁਣੀ ਥੇ ਅਰ ਪਰਮ ਗੰਭੀਰ ਥੇ, ਉਦਾਰ ਆਤਮਾ ਅਰ ਸਹਜ ਬ੍ਰਿਤੀ ਸੰਤ ਰਿਦਾ ਅਰ ਰਮਤ ਰਾਮ ਨਿਰਗੁਣ ਕੀ ਉਪਾਸਨਾ ਅਰ ਭਾਉ ਭਗਤ ਸਰਬਤ ਸਾਥ ਵਧਿਆ ਹੂਆ ਥਾ"। ਇੱਕ ਹੋਰ ਥਾਂ ਭਾਈ ਕਨ੍ਹਈਆ ਨੂੰ ਉਪਦੇਸ਼ ਦਿੰਦਿਆਂ ਭਗਤ ਨਨੂਆ ਦੇ ਬੋਲ ਹਨ: " ਅਰ ਨਨੂਏਂ ਸੰਤ ਕੇ ਆਗੇ ਹਾਥ ਜੋੜ ਕਰਿ ਖੜੇ ਹੋਇ ਰਹੇ ਅਰ ਕਹਾ ਜਿਸ ਪ੍ਰਕਾਰ ਮੈਂ ਗੋਬਿੰਦ ਪਾਵੋ ਕ੍ਰਿਪਾ ਕਰਿ ਕੇ ਮੋਕਉ ਬਤਾਈਏ। ਤਬ ਨਨੂਏ ਸੰਤ ਬਹੁਤ ਦਇਆ ਕਰ ਨਿਕਟ ਬਿਠਾਏ। ਇਸੀ ਕਰਿ ਪ੍ਰਸੰਨਤਾ ਸੇ ਬੋਲੇ ਹੇ ਭਾਈ ਕਨ੍ਹਈਆ ਜੀ ਏਕ ਬਿਰਤਾਂਤ ਜੋ ਪੂਰਬ ਹੂਆ ਹੈ ਸੋ ਸੁਨਹੁ ਜਿਉ ਕਰਿ ਆਗੇ ਗੋਬਿੰਦ ਜਨੋ ਗੋਬਿੰਦ ਪਾਇਆ ਹੈ"।



ਸਰੂਪ ਦਾਸ ਭੱਲਾ ਨੇ ਆਪਣੇ ਪ੍ਰਸਿੱਧ ਗ੍ਰੰਥ 'ਮਹਿਮਾ ਪ੍ਰਕਾਸ਼' ਵਿੱਚ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਵੇਦਾਂ ਅਤੇ ਹੋਰ ਧਾਰਮਿਕ ਪੁਸਤਕਾਂ ਵਿਚਲੇ ਗਿਆਨ ਨੂੰ ਆਮ ਲੋਕਾਂ ਦੀ ਜ਼ੁਬਾਨ ਵਿੱਚ ਉਲਥਾਉਣ ਜਾਂ ਰੂਪਾਂਤ੍ਰਿਤ ਕਰਨ ਦੀ ਚਰਚਾ ਕੀਤੀ ਹੈ, ਉੱਥੇ ਉਹ ਇਹ ਵੀ ਦੱਸਦਾ ਹੈ ਕਿ ਗੁਰੂ ਜੀ ਨੇ ਦੂਰੋਂ-ਨੇੜਿਓਂ ਸਭ ਵਿਦਵਾਨਾਂ ਨੂੰ ਇਕੱਠਿਆਂ ਕਰਨਾ ਆਰੰਭ ਕਰ ਦਿੱਤਾ। ਵਿਦਵਾਨਾਂ ਦੇ ਨਾਲ-ਨਾਲ ਗੁਰਮੁਖੀ ਲਿਖਣ ਵਿੱਚ ਚੰਗੀ ਮੁਹਾਰਤ ਰੱਖਣ ਵਾਲੇ ਲਿਖਾਰੀ ਵੀ ਗੁਰੂ ਜੀ ਦੀ ਸ਼ਰਨ ਵਿੱਚ ਆਏ। ਇਨ੍ਹਾਂ ਵਿੱਚ ਨਨੂਆ ਬੈਰਾਗੀ ਵੀ ਸੀ:

ਨਨੂਆ ਬੈਰਾਗੀ ਸਿਆਮ ਕਬ,
ਬ੍ਰਹਮ ਭਾਟ ਜੋ ਆਹ।
ਭਈ ਨਿਹਚਲ ਫ਼ਕੀਰ ਗੁਰ,
ਬਡੇ ਗੁਨੀ ਗੁਨ ਵਾਹ। ਸਾਖੀ

ਇੱਥੇ ਸਿਆਮ ਕਵੀ, ਬ੍ਰਹਮ ਭੱਟ ਅਤੇ ਨਿਹਚਲ ਫ਼ਕੀਰ ਦੇ ਨਾਨ ਨਾਲ ਨਨੂਆ ਵੀ ਹੈ। ਇਸੇ ਸਰੋਤ ਦੇ ਅਧਾਰ ਉੱਪਰ ਹੀ ਸ਼ਾਇਦ ਪਦਮ ਜੀ ਅਤੇ ਹੋਰਨਾ ਵਿਦਵਾਨਾਂ ਨੇ ਭਗਤ ਨਨੂਆ ਨੂੰ ਦਰਬਾਰੀ ਕਵੀ ਵੀ ਕਿਹਾ ਹੈ, ਪਰ ਇਹ ਤੱਥ

ਅਜੇ ਹੋਰ ਖੋਜ ਦੀ ਮੰਗ ਕਰਦਾ ਹੈ।

ਪਦਾਰਥਕ ਅਤੇ ਅਧਿਆਤਮਕ ਸੰਦੇਸ਼ ਦੇਣ ਵਾਲੇ ਇਸ ਕਵੀ ਨੇ ਕਾਫ਼ੀ ਕਾਵਿ-ਰਚਨਾ ਕੀਤੀ ਜੋ ਪ੍ਰਕਾਸ਼ਿਤ ਅਤੇ ਹੱਥ ਲਿਖਤ, ਦੋਹਾਂ ਰੂਪਾਂ ਵਿੱਚ ਉਪਲਬਧ ਹੈ। ਵੰਡ ਤੋਂ ਪਹਿਲਾਂ ਲਾਹੌਰ ਦੇ ਪ੍ਰਸਿੱਧ ਪ੍ਰਕਾਸ਼ਕ ਮੁਨਸ਼ੀ ਗੁਲਾਬ ਸਿੰਘ ਐਂਡ ਸੰਨਜ਼ ਵਲੋਂ ਇੱਕ ਵੱਡਆਕਾਰੀ ਪੁਸਤਕ ਛਾਪੀ ਗਈ ਸੀ, 'ਸ਼ਬਦ ਸਲੋਕ ਭਗਤਾਂ ਕੇ' ਅਤੇ ਇਸ ਪੁਸਤਕ ਵਿੱਚ ਕਈ ਹੋਰਨਾਂ ਭਗਤਾਂ/ਕਵੀਆਂ ਦੇ ਨਾਲ ਨਾਲ ਭਗਤ ਨਨੂਆ ਦੇ ਵੀ ਕਾਫ਼ੀ ਸ਼ਬਦ ਸਨ। ਪਿਆਰਾ ਸਿੰਘ ਪਦਮ ਨੇ ਆਪਣੇ ਕੋਲ ਦੋ ਹੱਥਲਿਖਤ ਗ੍ਰੰਥ ਹੋਣ ਦਾ ਦਾਅਵਾ ਕੀਤਾ ਸੀ ਜਿਨ੍ਹਾਂ ਵਿੱਚੋਂ ਇੱਕ ਵਿੱਚ ਆਸਾਵਰੀਆਂ ਅਤੇ ਦੂਜੇ ਵਿੱਚ ਹੋਰ ਕਾਵਿ-ਰਚਨਾ ਸੀ। ਇਸ ਦੇ ਕੁੱਝ ਨਮੂਨੇ ਉਸ ਨੇ ਆਪਣੀ ਪੁਸਤਕ 'ਕਲਮ ਦੇ ਚਮਤਕਾਰ' ਵਿੱਚ ਦਿੱਤੇ ਵੀ ਹਨ। ਗੋਬਿੰਦ ਸਿੰਘ ਲਾਂਬਾ ਨੇ ਵੀ ਆਪਣੇ ਕੋਲ ਕਿਸੇ ਖਰੜੇ ਦੀ ਦੱਸ ਪਾਈ ਸੀ ਜਿਸ ਵਿੱਚ ਕਾਫ਼ੀਆਂ ਸਨ।

ਗੁਰੂ ਘਰ ਨਾਲ ਨੇੜਤਾ ਰੱਖਣ ਵਾਲਾ ਨਨੂਆ ਭਗਤ ਨਿਰਗੁਣਵਾਦੀ ਕਵੀ ਸੀ। ਉਸ ਦੀ ਸਾਰੀ ਕਾਵਿ-ਰਚਨਾ ਗੁਰਬਾਣੀ ਦੇ ਪਰਛਾਵੇਂ ਹੇਠ ਹੈ। ਉਹੀ ਵਿਚਾਰ, ਉਹੀ ਕਾਵਿ ਜੁਗਤਾਂ ਅਤੇ ਉਹੀ ਕਾਵਿ-ਭਾਸ਼ਾ। ਬਹੁਤੀ ਰਚਨਾ ਰਾਗਬੱਧ ਹੈ ਅਤੇ ਇਹ ਰਾਗ ਵੀ ਵਧੇਰੇ ਉਹੀ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਨ। ਬਿਸ਼ਨਪਦੇ ਅਤੇ ਆਸਾਵਰੀਆਂ ਠੇਠ ਪੰਜਾਬੀ ਵਿੱਚ ਹਨ ਜਦੋਂਕਿ ਸ਼ਬਦਾਂ ਤੇ ਸਲੋਕਾਂ ਵਿੱਚ ਸਾਧ ਭਾਸ਼ਾ ਦੇ ਅੰਸ਼ ਵੀ ਹਨ। ਕਿਧਰੇ-ਕਿੱਧਰੇ ਲਹਿੰਦੀ ਦਾ ਪ੍ਰਭਾਵ ਵੀ ਹੈ। ਨਨੂਆ ਭਗਤ ਬੁੱਲ੍ਹੇ ਸ਼ਾਹ ਤੋਂ ਥੋੜ੍ਹਾ ਸਮਾਂ ਪਹਿਲੋਂ ਦਾ ਕਵੀ ਹੈ। ਇਸ ਲਈ ਉਸ ਦੀਆਂ ਕਾਫ਼ੀਆਂ ਉੱਪਰ ਕਿਤੇ ਕਿਤੇ ਨਨੂਏ ਦੀ ਕਾਵਿ-ਰਚਨਾ ਦਾ ਪ੍ਰਭਾਵ ਵੀ ਨਜ਼ਰੀਂ ਪੈਂਦਾ ਹੈ। ਨਨੂਆ ਭਗਤ ਦੀ ਕਾਵਿ-ਰਚਨਾ ਗੁਰਬਾਣੀ ਅਤੇ ਸੂਫ਼ੀਆਂ ਦੇ ਪ੍ਰਭਾਵ ਦੇ ਮਿਸ਼ਰਣ ਵਾਲੀ ਹੈ। ਸੇਵਾਪੰਥੀ ਸੰਪਰਦਾਇ ਦੇ ਸ਼ਰਧਾਲੂਆਂ ਵਿੱਚ ਇਸ ਭਗਤ ਦੀ ਕਾਵਿ-ਰਚਨਾ ਵਧੇਰੇ ਸ਼ੌਕ ਨਾਲ ਪੜ੍ਹੀ ਜਾਂਦੀ ਹੈ। ਪੀਐਚਡੀ ਤਾਂ ਨਹੀਂ, ਐਮਫਿਲ ਲਈ ਕੋਈ ਵਿਦਿਆਰਥੀ ਭਗਤ ਨਨੂਏ ਦੀ ਕਾਵਿ-ਰਚਨਾ ਇਕੱਠੀ ਕਰ ਕੇ ਇਸ ਦਾ ਸਰਬਪੱਖੀ ਮੁਲਾਂਕਣ ਕਰਨਾ ਚਾਹੇ ਤਾਂ ਇਹ ਇੱਕ ਚੰਗਾ ਉਪਰਾਲਾ ਹੋਵੇਗਾ। ਉਸ ਦੀਆਂ ਆਸਾਵਰੀਆਂ, ਬਿਸ਼ਨਪਦਿਆਂ, ਕਾਫ਼ੀਆਂ ਅਤੇ ਸ਼ਬਦ ਸਲੋਕਾਂ ਵਿੱਚੋਂ ਕੁੱਝ ਵੰਨਗੀਆਂ ਇੱਥੇ ਦਰਜ ਹਨ :-

**ਬਿਸ਼ਨਪਦਾ**- ਦਰਦ ਤੁਹਾਡਾ ਦਾਰੂ ਸਾਡਾ,
ਲੱਗਾ ਦਿਲ ਤੇ ਰਹਿੰਦਾ ਵੋ।
ਸੂਲ ਸਹਮ ਗ਼ਮ ਕਉੜੇ ਕਉੜੇ,
ਮਿੱਠੇ ਕਰਦੇ ਸਹਿੰਦਾ ਵੋ।
ਜਾਣ ਨਾ ਦੇਈ ਆਪ ਨਾ ਜਾਈ,
ਬੂਹਾ ਮੱਲ ਮੱਲ ਬਹਿੰਦਾ ਵੋ।
ਨਨੂਆ ਸਮਝਿ ਨਾ ਕੁਝ ਆਵੇ,
ਇਹ ਜ਼ੁਲਮ ਕਿਆ ਕਹਿੰਦਾ ਵੋ।

**ਸ਼ਬਦ**- ਰਾਮ ਰਸ ਮੀਠੋ ਰੇ ਭਾਈ,
ਕੋਈ ਜਨ ਪੀਵਹਿ ਪ੍ਰੀਤਿ ਲਗਾਇ। ਰਹਾਉ।
ਜੋ ਪੀਵਹਿ ਸੋ ਜੁਗ ਜੁਗ ਜੀਵਹਿ,
ਬਹੁੜ ਨ ਤ੍ਰਿਸਨਾ ਲਾਗਹਿ ਆਇ।
ਨਨੂਆ ਵਾਂ ਕੀ ਚਰਣ ਧੂਰਿ ਲੈ,
ਮਸਤ ਗਹੂੰ ਲਗਾਇ।

**ਕਾਫ਼ੀ**- ਸਾਨੂੰ ਸਾਈ ਲਗਾ ਪਿਆਰਾ,
ਰੋਕੋ ਰੋਕੋ ਸਉਦਾ ਬਣਿਆ।
ਭਠ ਪਿਆ ਉਧਾਰਾ। ਰਹਾਉ।
ਹਰ ਸੂਰਤਿ ਵਿਚਿ ਸਾਈ ਡਿੱਠਾ,
ਚੂਰਾ ਲੱਭੋ ਲਾਰਾ।
ਘਰ ਦਾ ਪਿਆਰਾ ਘਰ ਵਿਚਿ ਮਿਲਿਆ,
ਨਾਨੂ ਵਾਰੋ ਵਾਰਾ।

❋ ❋ ❋ ❋ ❋

## • ਸਮਾਜ ਸੇਵਾ

ਡਾ.ਸੁਖਦੇਵ ਸਿੰਘ ਸੈਣੀ ਸੇਵਾਮੁਕਤ ਚੀਫ ਖੇਤੀਬਾੜੀ ਅਫਸਰ ਦੀ ਪਤਨੀ ਸੁਰਗਵਾਸੀ ਸ਼੍ਰੀਮਤੀ ਜਸਵੀਰ ਕੌਰ ਦੀ ਯਾਦ ਵਿੱਚ ਗਠਿਤ 'ਜਸਵੀਰ ਕੌਰ ਮੈਮੋਰੀਅਲ ਐਜੂਕੇਸ਼ਨ ਵੈਲਫੇਅਰ ਟਰੱਸਟ' ਵਲੋਂ ਭਾਈ ਕਨ੍ਹਈਆਂ ਜੀ ਦੇ ਜਨਮ ਦਿਨ 'ਤੇ 20 ਸਤੰਬਰ, 2021 ਨੂੰ ਬਲਾਚੌਰ ਦੇ ਬੀ.ਏ.ਵੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਇੱਕ ਮੁਫਤ ਡਾਕਟਰੀ ਕੈਂਪ ਆਯੋਜਿਤ ਕੀਤਾ ਗਿਆ। ਇਸ ਵਿੱਚ 400 ਦੇ ਕਰੀਬ ਵਿਦਿਆਰਥੀਆਂ ਦੇ ਬਲੱਡ ਗਰੁੱਪ ਚੈਕ ਕਰ ਕੇ ਉਨ੍ਹਾਂ ਨੂੰ ਕਾਰਡ ਦਿੱਤੇ ਗਏ ਅਤੇ ਖੂਨ ਦੀ ਕਮੀ ਵਾਲੇ ਵਿਦਿਆਰਥੀਆਂ ਨੂੰ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਵਿੱਚ ਸੰਤ ਓਕਾਰ ਸਿੰਘ ਮੈਮੋਰੀਅਲ ਹਸਪਤਾਲ ਗੜ੍ਹੀ ਅਤੇ ਸਿਵਲ ਹਸਪਤਾਲ ਬਲਾਚੌਰ ਦੇ ਸਿਹਤ ਕਰਮਚਾਰੀਆਂ ਨੇ ਸਹਿਯੋਗ ਦਿੱਤਾ।ਇਸ ਸਮੇਂ ਸਕੂਲ ਦੇ ਪ੍ਰਿੰਸੀਪਲ, ਸ. ਸੁਖਦੇਵ ਸਿੰਘ ਸੈਣੀ, ਸ. ਜਸਪਾਲ ਸਿੰਘ ਗਿੱਦਾ ਅਤੇ ਸੇਵਾਮੁਕਤ ਪ੍ਰਿਸੀਪਲ ਸ. ਚਰਨ ਸਿੰਘ ਹਾਜ਼ਰ ਸਨ।



## ਕਹਿੰਦੇ ਦੇਸ਼ ਆਜ਼ਾਦ ਆ

**ਵਟਸਐਪ ਤੋਂ ....**

ਉਹ ਗੱਲ ਵੱਖਰੀ ਹੈ ਕਿ,
ਆਮ ਆਦਮੀ ਬਰਬਾਦ ਆ।
ਫ਼ਸਲਾਂ ਦੇ ਮੁੱਲ ਲਈ ਧਰਨਾ ਲਾਵੇ,
ਆਮ ਬੰਦਾ।
ਕਰਜ਼ੇ ਦਾ ਝੰਬਿਆ ਫਾਹਾ ਲਾਵੇ,
ਆਮ ਬੰਦਾ।
ਬਾਰਡਰਾਂ 'ਤੇ ਗੋਲ਼ੀ ਖਾਵੇ,
ਆਮ ਬੰਦਾ।
ਪੜ੍ਹ ਲਿਖ ਕੇ ਧੱਕੇ ਖਾਵੇ,
ਆਮ ਬੰਦਾ।
ਪਰ ਪਹਿਲਾਂ ਖਾਸ ਬੰਦੇ ਨੂੰ,
ਫਿਰ ਉਹਦੇ ਨਿਆਣਿਆਂ ਨੂੰ,
ਵੋਟ ਜ਼ਰੂਰ ਪਾਵੇ,
ਆਮ ਬੰਦਾ।
ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ,
ਪਰ ਡੈਮੋਕ੍ਰੇਸੀ ਇੰਡੈਕਸ ਨੰਬਰ ਫਿਫਟੀ ਥਰੀ।
ਬਾਹਟਵੇਂ ਨੰਬਰ ਦੀ ਸਰਕਾਰ ਕਹਿੰਦੀ ਆ,
ਗਰੀਬਾਂ ਨੂੰ ਆਹ ਵੀ ਫਰੀ, ਆਹ ਵੀ ਫਰੀ।
ਕਿਸੇ ਦਫਤਰ ਚਲੇ ਜਾਈਏ,
ਵੇਖੋ ਕਿ ਰਿਸ਼ਵਤ ਦੇ ਰੇਟ ਫਿਕਸ ਆ।
ਤਾਂਹੀ ਤਾਂ ਕੁਰੱਪਸ਼ਨ ਇੰਡੈਕਸ ਨੰਬਰ ਏਟੀ ਸਿਕਸ ਆ।
ਨਾ ਖੁਲਾਵੋ ਮੇਰਾ ਮੂੰਹ ਹੋਰ,
ਭੁੱਖਮਰੀ ਵਿੱਚ ਸਾਡਾ ਨੰਬਰ ਨਾਇਨਟੀ ਫੋਰ।
ਪਰ ਦੇਸ਼ ਲੀਡਰ ਨਹੀਂ,
ਲੋਕ ਬਣਾਉਂਦੇ ਨੇ।
ਜੋ ਹਲ ਵਾਹੁੰਦੇ ਨੇ,
ਜੋ ਰੇੜ੍ਹੀ ਲਾਉਂਦੇ ਨੇ,
ਬਾਰਡਰਾਂ ਉੱਤੇ ਦੇਸ਼ ਲਈ,
ਜੋ ਹਿੱਕਾਂ ਡਾਹੁੰਦੇ ਨੇ।
ਗਰਾਉਂਡ ਨਹੀਂ,
ਖੁਰਾਕ ਨਹੀਂ,
ਆਪਣੇ ਦਮ 'ਤੇ ਮੈਡਲ ਲਿਆਉਂਦੇ ਨੇ।
ਫਿਰ ਵਧਾਈ ਦਾ ਹੱਕ ਤਾਂ ਬਣਦਾ ਯਾਰ,
ਜਿਨ੍ਹਾਂ ਦੇਸ਼ ਕੀਤਾ ਆਬਾਦ ਆ।
ਦਿਉ ਵਧਾਈ ਸੁੱਖ ਨਾਲ,
ਦੇਸ਼ ਆਜ਼ਾਦ ਆ।
ਦੇਸ਼ ਆਜ਼ਾਦ ਆ।

❈ ❈ ❈ ❈ ❈



## ਗਜ਼ਲ

**ਜਤਿੰਦਰ ਲਸਾੜਾ**
**ਵੈਨਕੂਵਰ (ਕੈਨੇਡਾ)**

ਸੂਰਜ ਢੂੰਡਣ ਆਸਾਂ ਤੁਰੀਆਂ, ਅੱਧ ਵਿਚਾਲੇ ਰਾਤ ਹੋਈ।
ਬਿਖੜੇ ਪੈਂਡੇ, ਤਿੜਕੇ ਸੁਫਨੇ, ਹੰਝੂਆਂ ਦੀ ਬਰਸਾਤ ਹੋਈ।

ਤੇਰੇ ਨਾਲ ਬਿਤਾਈਆਂ ਘੜੀਆਂ, ਅੱਜ ਤੱਕ ਉੱਥੇ ਹੀ ਖੜ੍ਹੀਆਂ।
ਤੇਰੇ ਮਗਰੋਂ ਇੰਝ ਲਗਦੈ, ਜਿਉਂ ਦਿਨ ਚੜ੍ਹਿਆ ਨਾ ਰਾਤ ਹੋਈ।

ਏਸ ਫ਼ਸਲ 'ਤੇ ਗਹਿਣੇ ਲੈਣੇ, ਜ਼ਿਦ ਸੀ ਮੇਰੀ ਬੇਗਮ ਦੀ।
ਹੋਰ ਪੈ ਗਿਆ ਕਿੱਲਾ ਗਹਿਣੇ, ਅਣਚਾਹੀ ਬਰਸਾਤ ਹੋਈ।

ਛੱਡ 'ਲਸਾੜੇ' ਦਿਲ ਦੀ ਗਠੜੀ, ਖੋਲ੍ਹ ਨਾ ਵਿੱਚ ਹਮਦਰਦਾਂ ਦੇ।
ਆਖੇਂਗਾ ਫੜ ਜ਼ਖ਼ਮੀ ਸੱਧਰਾਂ, ਆਪਣਿਆਂ ਤੋਂ ਮਾਤ ਹੋਈ।

ਉਂਝ ਤੇ ਸੂਰਜ ਨਿੱਤ ਹੀ ਚੜ੍ਹਦੈ, ਰੌਸ਼ਨ ਕਰਦੈ ਹਰ ਕੋਨਾ।
ਮੇਰੇ ਹਿੱਸੇ ਦੀ ਖ਼ਬਰੇ ਕਿਉਂ, ਅੱਜ ਤੱਕ ਨਾ ਪ੍ਰਭਾਤ ਹੋਈ।

❈ ❈ ❈ ❈ ❈

## ਕਿਸਾਨ ਅੰਦੋਲਨ ਦੀਆਂ ਬੋਲੀਆਂ

ਤੂੰ ਨਾ ਸਾਡੀ ਬਣੀ ਵੈਰਨੇ, ਦੇਖ ਲਿਆ ਅਜਮਾ ਕੇ।
ਤੇਰੀ ਖਾਤਰ ਅਸੀਂ ਦਿੱਲੀਏ, ਦੇਖੇ ਸੀਸ ਕਟਾ ਕੇ।
ਹੁਣ ਸਿੱਟਾਂਗੇ ਤੈਨੂੰ ਦਿੱਲੀਏ, ਅਸੀਂ ਢਾਕ 'ਤੇ ਲਾ ਕੇ।
ਨੀ ਬਾਬੇ ਖੇਤਾਂ ਦੇ, ਬਹਿਗੇ ਮੋਰਚਾ ਲਾ ਕੇ।

ਦਿੱਲੀ ਦੇ ਵਿੱਚ ਧਰਨਾ ਲੱਗਿਆ, ਥਾਂ ਥਾਂ ਹੋਵੇ ਚਰਚਾ।
ਭਾਂਡਾ-ਟੀਂਡਾ ਅੰਦਰ ਕਰ ਦੇ ਆਉਣ ਵਾਲੀ ਹੈ ਵਰਖਾ।
ਪਾਣੀ ਦੇ ਦੋ ਤੌੜੇ ਭਰ ਜਾ ਹੱਥੀਂ ਗੇੜ ਕੇ ਨਲਕਾ।
ਦੋ ਕੁ ਰੋਟੀਆਂ ਨਾਲ ਬੰਨ੍ਹ ਲੈ ਲਾ ਕੇ ਗੰਢੇ ਦਾ ਤੜਕਾ।
ਦਿੱਲੀ ਵੱਲ ਚੱਲੀਏ ਚੱਕਦੇ ਬਿਸ਼ਨੀਏ ਚਰਖਾ।

ਸਿੰਘੂ ਬਾਰਡਰ ਉੱਤੇ ਦਿਉਰਾ ਲਾ ਕੇ ਬੈਠ ਜਾ ਧਰਨਾ।
ਜੇਕਰ ਆਪਣੇ ਖੇਤ ਖੁੱਸਗੇ ਜਿਉ ਕੇ ਫੇਰ ਕੀ ਕਰਨਾ।
ਕੁੜਤਾ ਪਜਾਮਾ ਪਾ ਝੋਲੇ ਵਿੱਚ ਨਾਲੇ ਕਛਹਿਰਾ ਪਰਨਾ।
ਭੀਖੀ ਵਾਲੇ ਸੱਤਪਾਲ ਤੋਂ ਹੁਣ ਆਪਾਂ ਨੀ ਡਰਨਾ।
ਡਟਿਆ ਰਹਿ ਦਿਓਰਾ ਆਪੇ ਚੁਗਾ ਲਊਂ ਨਰਮਾ



## NEW FIVE YEAR MEMBERS OF "SAINI SANSAR"

Jagdev Singh
Saini Bhawan, Rupnagar

Continued from page 12 of 40th Issue

919. **Sh. Chander Shekhar Saini**
3039-E, Neta Ji School, Ropar
920. **S. Sarbjeet Singh**
Dashmesh Nagar, Ropar
921. **S. Darshan Singh Sports Officer**
Gahunia Enclave, Ropar
922. **Smt. Vijay Luxmi**
# 1585, Gandhi Nagar, Ropar
923. **S. Harsimran Singh Advocate**
# 1322, Sector 34, Chandigarh
924. **Sh. Gurmail Singh**
VPO Phoolpur Grewal
925. **S. Ranbir Singh**
# 25, Shaheed-E-Azam B.S.Ngr, Ropar
926. **Sh. Ashok Saini ASI**
Qtr No. 12, Sadar Police Station, Ropar
927. **S. Manjit Singh Tamber**
SCF 12, New Anaj Mandi, Ropar
928. **Flt. Lt. (Hony) Tarlochan Singh**
# 2509, Sec. 71, SAS Nagar
929. **S. Kuldip Singh**
Vill. Sukhrampur Tapprian, Ropar
930. **S. Surinder Singh Saini**
Mata Rani Mohalla, Ropar
931. **S. Bhajan Singh**
New Anaj Mandi, Ropar
932. **S. Balwinder Singh**
Patiala
933. **S. Jagjit Singh**
# 7030, Saini Bhawan Road, Ropar
934. **Sh. Jeeta**
# 114, Beanth Singh Nagar, Ropar
935. **S. Baljeet Singh**
Mohalla Dial Puri, Fatehgarh Sahib
936. **S. Harminder Singh**
# 146, Dashmesh Nagar, Ropar
937. **S. Tarlochan Singh**
# 1709, Near Khalsa School, Ropar
938. **S. Satsaran Singh**
Vill. Perozpur, PO Bela, Distt. Ropar
939. **S. Jasvir Singh**
Mohalla Shekhan, Ropar
940. **Sqn. Ldr. Manjit Singh Pabla**
# 2729/37C, Chandigarh
941. **Smt. Jaspreet Kaur**
Girja Nagar, Vatmal (MR)
942. **S. Charanjit Singh**
Calcutta

## Financial help to Saini Bhawan during the preceding three months

1. Sh. Sanjay Verma, President Municipal Council Rupnagar= Rs. 21000/
2. Mrs.Rajinder Kaur w/o Er. Sukhvinder Singh, Rupnagar= Rs.20000/
3. Sh. Surinder Mohan (S.M) Singh Mundra, Haveli Klan = Rs. 11000/
4. Sh. Gianpal Singh S/O Late Sh. Rachhpal Singh, Rupnagar = Rs. 5000/
5. President Innerwheel Club, Rupnagar= Rs. 2100/
6. Police Sanjh Kendra, Rupnagar = Rs. 2100/
7. Mrs. Perminder Kaur W/O S. Tarlochan Singh, Rupnagar= Rs. 1100/
8. Mrs. Bhagwant Kaur W/o S. Balwant Singh Bala, Rupnagar= Rs. 500/

The administrators of Saini Bhawan Rupnagar are thankful to all donors.

**Welcome to**
**New Life Member of Saini Bhawan**
Mrs. Rajinder Kaur ( Rtd. Principal)
w/o S. Sukhwinder Singh ,
# 1949/8 Preet Colony, St.No.5,
Rupnagar





# ਓਲੰਪਿਕ ਖੇਡਾਂ ਅਤੇ ਭਾਰਤ

ਰਾਜਿੰਦਰ ਸਿੰਘ
ਰੂਪਨਗਰ

ਓਲੰਪਿਕ ਖੇਡਾਂ ਦੇ ਇਤਿਹਾਸ 'ਤੇ ਝਾਤੀ ਮਾਰੀਏ ਤਾਂ ਭਾਰਤ ਦੀਆਂ ਪ੍ਰਾਪਤੀਆਂ ਪੋਟਿਆਂ ਤੇ ਗਿਣੀਆਂ ਜਾ ਸਕਦੀਆਂ ਹਨ ਉਂਜ ਦੱਖਣ ਏਸ਼ਿਆਈ ਖਿੱਤੇ ਵਿਚੋਂ ਭਾਰਤ ਝੰਡਾਬਰਦਾਰ ਬਣ ਕੇ ਸਾਹਮਣੇ ਆਉਂਦਾ ਹੈ। ਸਮਰ ਓਲੰਪਿਕ ਖੇਡਾਂ ਵਿੱਚ ਹਿੱਸੇਦਾਰੀ ਪੱਖੋਂ ਭਾਰਤ ਇਕ ਸਦੀ ਤੋਂ ਜੋਰ-ਸ਼ੋਰ ਨਾਲ ਹਿੱਸਾ ਲੈ ਰਿਹਾ ਹੈ। ਇਨ੍ਹਾਂ ਖੇਡਾਂ ਵਿਚ ਦੱਖਣੀ ਏਸ਼ਿਆਈ ਮੁਲਕਾਂ ਵਿਚੋਂ ਸਭ ਤੋਂ ਵੱਡਾ ਜਥਾ ਵੀ ਭਾਰਤ ਹੀ ਭੇਜਦਾ ਹੈ। ਓਲੰਪਿਕ ਵਿਚ ਹਿੱਸਾ ਲੈਣਾ ਵੀ ਮਾਣ ਵਾਲੀ ਗੱਲ ਹੁੰਦਾ ਹੈ ਕਿਉਂਕਿ ਸਖ਼ਤ ਕੁਆਲੀਫਾਈ ਗੇੜ ਪਾਰ ਕਰਨ ਤੋਂ ਬਾਅਦ ਹੀ ਓਲੰਪਿਕ ਵਿਚ ਦਾਖਲੇ ਦੀ ਟਿਕਟ ਮਿਲਦੀ ਹੈ। ਭਾਰਤੀ ਉਪ ਮਹਾਂਦੀਪ ਵਿਚੋਂ ਤਮਗੇ ਜਿੱਤਣ ਵਿਚ ਵੀ ਭਾਰਤ ਹੀ ਮੀਰੀ ਰਿਹਾ ਹੈ। ਭਾਰਤ ਹੁਣ ਤੱਕ ਕੁੱਲ 35 ਤਮਗੇ ਜਿੱਤੇ ਹਨ ਜਿਨ੍ਹਾਂ ਵਿਚ 10 ਸੋਨੇ, 9 ਚਾਂਦੀ ਅਤੇ 16 ਕਾਂਸੀ ਦੇ ਹਨ। ਭਾਰਤ ਤੋਂ ਬਾਅਦ ਪਾਕਿਸਤਾਨ ਦਾ ਨੰਬਰ ਹੈ ਜਿਸ ਨੇ 3 ਸੋਨੇ, 3 ਚਾਂਦੀ ਅਤੇ 4 ਕਾਂਸੀ ਦੇ ਤਮਗਿਆਂ ਨਾਲ ਕੁੱਲ 10 ਤਮਗੇ ਜਿੱਤੇ ਹਨ।

ਓਲੰਪਿਕ ਖੇਡਾਂ ਦੇ 125 ਵਰ੍ਹਿਆਂ ਦੇ ਇਤਿਹਾਸ ਵਿਚ ਭਾਰਤ ਨੇ ਰਸਮੀ ਤੌਰ 'ਤੇ 1920 ਦੀਆਂ ਸਮਰ ਐਂਟਵਰਪ ਓਲੰਪਿਕ ਖੇਡਾਂ ਵਿਚ ਪਹਿਲੇ ਖਿਡਾਰੀ ਨੇ ਹਿੱਸਾ ਲਿਆ। 1900 ਦੀਆਂ ਪੈਰਿਸ ਓਲੰਪਿਕ ਖੇਡਾਂ ਮੌਕੇ ਨਾਰਮਨ ਪਿਚਰਡ ਨੇ ਭਾਰਤ ਤਰਫੋਂ ਹਿੱਸਾ ਲੈਂਦਿਆਂ 200 ਅਤੇ 200 ਮੀਟਰ ਹਰਡਲਜ਼ ਦੌੜ ਵਿਚ ਚਾਂਦੀ ਦੇ ਦੋ ਤਮਗੇ ਜਿੱਤੇ ਸਨ ਪਰ ਉਸ ਵੇਲੇ ਭਾਰਤ ਰਸਮੀ ਤੌਰ ਤੇ ਖੇਡ ਦਲ ਓਲੰਪਿਕ ਖੇਡਾਂ ਲਈ ਨਹੀਂ ਸੀ ਭੇਜਦਾ। ਕੋਲਕਾਤਾ ਦੇ ਰਹਿਣ ਵਾਲੇ ਨਾਰਮਨ ਪਿਚਰਡ ਨੇ ਹਿੱਸਾ ਲਿਆ ਜਿਸ ਕਰਕੇ ਰਿਕਾਰਡ ਵਿਚ ਉਸ ਦੀ ਗਿਣਤੀ ਭਰਤੀ ਖਿਡਾਰੀਆਂ ਵਿਚ ਕੀਤੀ ਜਾਂਦੀ ਹੈ, ਨਾਲ ਹੀ ਉਸ ਨੂੰ ਬਰਤਾਨੀਆਂ ਦਾ ਖਿਡਾਰੀ ਵੀ ਕਿਹਾ ਜਾਂਦਾ ਹੈ।

ਓਲੰਪਿਕ ਚ 200 ਤੋਂ ਵੱਧ ਮੁਲਕਾਂ ਦੇ ਖਿਡਾਰੀ ਹਿੱਸਾ ਲੈਂਦੇ ਹਨ ਹੁਣ ਤੱਕ 151 ਮੁਲਕਾਂ ਨੇ ਤਮਗੇ ਜਿੱਤੇ ਹਨ। ਸਮੁੱਚੀ ਤਮਗਾ ਸੂਚੀ ਚ ਭਾਰਤ 56ਵੇਂ ਨੰਬਰ ਤੇ ਆਉਂਦਾ ਹੈ। ਸਮੁੱਚੀ ਤਮਗਾ ਸੂਚੀ ਵਿਚ ਅਮਰੀਕਾ ਪਹਿਲੇ ਨੰਬਰ ਤੇ ਹੈ ਜਿਸ ਨੇ 1075 ਸੋਨੇ, 846 ਚਾਂਦੀ ਅਤੇ 752 ਕਾਂਸੀ ਦੇ ਤਮਗਿਆਂ ਨਾਲ ਕੁੱਲ 2673 ਤਮਗੇ ਜਿੱਤੇ ਹਨ। ਇਸ ਸੂਚੀ ਵਿਚ ਰੂਸ (ਪੁਰਾਣੇ ਸੋਵੀਅਤ ਯੂਨੀਅਨ ਸਮੇਤ) ਦੂਜੇ ਅਤੇ ਬਰਤਾਨੀਆਂ ਤੀਜੇ ਨੰਬਰ ਤੇ ਹੈ। ਦੋਵੇਂ ਮੁਲਕਾਂ ਨੇ ਕ੍ਰਮਵਾਰ 1010 ਤੇ 916 ਤਮਗੇ ਜਿੱਤੇ। ਚੌਥਾ ਸਥਾਨ ਏਸ਼ਿਆਈ ਮੁਲਕ ਚੀਨ ਦਾ ਹੈ ਜਿਸ ਨੇ 634 ਤਮਗੇ ਜਿੱਤੇ ਹਨ। ਏਸ਼ਿਆਈ ਮੁਲਕਾਂ ਵਿਚੋਂ ਚੀਨ ਤੋਂ ਇਲਾਵਾ ਜਪਾਨ ਦੱਖਣੀ ਕੋਰੀਆ, ਇਰਾਨ, ਉਤਰੀ ਕੋਰੀਆ, ਕਜਾਕਸਿਤਾਨ, ਥਾਈਲੈਂਡ ਵੀ ਭਾਰਤ ਤੋਂ ਅੱਗੇ ਰਹੇ ਹਨ।

1920 ਐਂਟਵਰਪ ਅਤੇ 1924 ਪੈਰਿਸ ਓਲੰਪਿਕ ਖੇਡਾਂ ਵਿਚ ਭਾਰਤੀ ਖੇਡ ਦਲ ਕੋਈ ਤਮਗਾ ਨਹੀਂ ਜਿੱਤ ਸਕਿਆ। ਇਸ ਪਿੱਛੋਂ ਲਗਾਤਾਰ ਛੇ ਓਲੰਪਿਕ ਖੇਡਾਂ (1928,1932,36,48,52 ਤੇ 1956) 'ਚ ਭਾਰਤੀ ਹਾਕੀ ਟੀਮ ਨੇ ਸੋਨ ਤਮਗੇ ਜਿੱਤੇ। 1952 ਦੀਆਂ ਹੈਲਸਿੰਕੀ ਓਲੰਪਿਕ ਖੇਡਾਂ ਵਿਚ ਭਾਰਤ ਦੇ ਪਹਿਲਵਾਨ ਕੇ.ਡੀ ਯਾਦਵ ਨੇ ਕਾਂਸੀ ਦਾ ਤਮਗਾ ਜਿੱਤਿਆ ਜੋ ਵਿਅਕਤੀਗਤ ਵਰਗ ਵਿਚ ਭਾਰਤ ਦਾ ਪਹਿਲਾ ਤਮਗਾ ਸੀ। 1960 ਦੀਆਂ ਰੋਮ ਓਲੰਪਿਕ ਖੇਡਾਂ ਵਿਚ ਭਾਰਤੀ ਹਾਕੀ ਟੀਮ ਨੇ ਚਾਂਦੀ ਅਤੇ 1964 ਦੀਆਂ ਟੋਕੀਓ ਓਲੰਪਿਕਸ ਵਿਚ ਸੋਨੇ ਦਾ ਤਮਗਾ ਜਿੱਤਿਆ। 1968 ਦੀਆਂ ਮੈਕਸੀਕੋ ਤੇ 1972 ਦੀਆਂ ਮਿਊਨਿਖ ਓਲੰਪਿਕ ਖੇਡਾਂ ਵਿਚ ਭਾਰਤੀ ਹਾਕੀ ਟੀਮ ਨੇ ਕਾਂਸੀ ਦੇ ਤਮਗੇ ਜਿੱਤੇ। 1976 ਦੀਆਂ ਮਾਂਟਰੀਅਲ ਓਲੰਪਿਕਸ ਵਿਚ ਭਾਰਤੀ ਖੇਡ ਦਲ 1924 ਤੋਂ ਬਾਅਦ ਪਹਿਲੀ ਵਾਰ ਖਾਲੀ ਹੱਥ ਵਤਨ ਪਰਤਿਆ। 1980 ਦੀਆਂ ਮਾਸਕੋ ਓਲੰਪਿਕ ਖੇਡਾਂ ਚ ਭਾਰਤੀ ਹਾਕੀ ਟੀਮ ਨੇ ਸੋਨੇ ਦਾ ਤਮਗਾ ਜਿੱਤਿਆ। ਇਸ ਤੋਂ ਬਾਅਦ ਹੁਣ 2021 ਵਿੱਚ ਹਾਕੀ ਟੀਮ ਨੇ ਕਾਂਸੀ ਤਮਗਾ ਨਹੀਂ ਜਿੱਤਿਆ ਹੈ

ਭਾਰਤ ਲਗਾਤਾਰ ਤਿੰਨ ਓਲੰਪਿਕ ਖੇਡਾਂ (1984 ਲਾਂਸ ਏਂਜਲਸ, 1988 ਸਿਓਲ ਤੇ 1992 ਬਾਰਸੀਲੋਨਾ) ਵਿਚ ਖਾਲੀ ਹੱਥ ਪਰਤਿਆ। ਓਲੰਪਿਕ ਤਮਗੇ ਦਾ ਸੋਕਾ 16 ਵਰ੍ਹਿਆਂ ਬਾਅਦ 1996 ਦੀਆਂ ਐਟਲਾਂਟਾ ਓਲੰਪਿਕ ਖੇਡਾਂ ਵਿਚ ਟੈਨਿਸ ਖਿਡਾਰੀ ਲਿਏਂਡਰ ਪੇਸ ਨੇ ਤੋੜਿਆ। 2000 ਦੀਆਂ ਸਿਡਨੀ ਓਲੰਪਿਕਸ ਵਿਚ ਭਾਰਤ ਦੀ ਵੇਟਲਿਫਟਰ ਕਰਨਮ ਮਲੇਸ਼ਵਰੀ ਨੇ ਕਾਂਸੀ ਦਾ ਤਮਗਾ ਜਿੱਤਿਆ। ਉਹ ਓਲੰਪਿਕ ਤਮਗਾ ਜਿੱਤਣ ਵਾਲੀ ਪਹਿਲੀ ਖਿਡਾਰਨ ਬਣੀ। 2004 ਦੀਆਂ ਏਥਨਜ਼ ਓਲੰਪਿਕ ਖੇਡਾਂ ਵਿਚ ਨਿਸ਼ਾਨੇਬਾਜ਼ ਰਾਜਵਰਧਨ ਰਾਠੌਰ ਨੇ ਟਰੈਪ ਸ਼ੂਟਿੰਗ ਵਿਚ ਚਾਂਦੀ ਦਾ ਤਮਗਾ ਜਿੱਤਿਆ ਅਤੇ ਇਸ ਦੇ ਨਾਲ ਹੀ ਰਾਠੌਰ ਵਿਅਕਤੀਗਤ ਵਰਗ ਵਿਚ ਚਾਂਦੀ ਦਾ ਤਮਗਾ ਜਿੱਤਣ ਵਾਲਾ ਪਹਿਲਾਂ ਭਾਰਤੀ ਖਿਡਾਰੀ ਬਣਿਆ। 2006 ਦੀਆਂ ਪੇਈਚਿੰਗ ਓਲੰਪਿਕ ਖੇਡਾਂ ਵਿਚ ਭਾਰਤ ਨੇ ਕੁੱਲ 3 ਤਮਗੇ ਜਿੱਤੇ। ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਨੇ ਸੋਨੇ ਅਤੇ ਪਹਿਲਵਾਨ ਸੁਸ਼ੀਲ ਕੁਮਾਰ ਤੇ ਮੁੱਕੇਬਾਜ਼ ਵਿਜੇਂਦਰ ਸਿੰਘ ਨੇ ਕਾਂਸੀ ਦੇ ਤਮਗੇ ਜਿੱਤੇ। ਬਿੰਦਰਾ ਪਹਿਲਾ ਭਾਰਤੀ ਬਣਿਆ ਜਿਸ ਨੇ ਵਿਅਕਤੀਗਤ ਵਰਗ ਵਿਚ ਸੋਨ ਤਮਗਾ ਜਿੱਤਿਆ ਹੋਵੇ। 2012 ਦੀਆਂ ਲੰਡਨ ਓਲੰਪਿਕਸ ਵਿਚ ਭਾਰਤ ਨੇ

ਬਾਕੀ ਸਫਾ 31 'ਤੇ

# ਓਲੰਪਿਕ ਖੇਡਾਂ ਦਾ ਇਤਿਹਾਸ

ਸਰਵਣ ਸਿੰਘ
(ਰਿਟਾ. ਪ੍ਰਿੰਸੀਪਲ)



ਪੁਰਾਤਨ ਓਲੰਪਿਕ ਖੇਡਾਂ 776 ਪੂਰਵ ਈਸਵੀ ਵਿਚ ਸ਼ੁਰੂ ਹੋਈਆਂ ਸਨ। ਪਹਿਲਾਂ ਸਟੇਡੀਅਮ ਦੀ ਇਕੋ ਦੌੜ ਲੱਗੀ ਸੀ ਤੇ ਖੇਡਾਂ ਇਕੋ ਦਿਨ ਵਿਚ ਸਮਾਪਤ ਹੋ ਗਈਆਂ ਸਨ। ਲਾਂਗਰੀ ਕੋਰੋਬਸ ਇਹ ਦੌੜ ਜਿੱਤਿਆ ਜਿਸ ਨੂੰ ਪ੍ਰਥਮ ਓਲੰਪਿਕ ਚੈਂਪੀਅਨ ਮੰਨਿਆ ਜਾਂਦਾ ਹੈ। ਫਿਰ ਇਹ ਖੇਡਾਂ ਪੰਜ ਦਿਨ ਹੋਣ ਲੱਗੀਆਂ ਤੇ ਈਵੈਂਟ ਵੀ ਪੰਜ ਹੋ ਗਏ ਜਿਨ੍ਹਾਂ ਵਿਚ ਕੁਸ਼ਤੀਆਂ ਤੇ ਰਥ ਦੌੜਾਂ ਸ਼ਾਮਲ ਸਨ। ਉਦੋਂ ਔਰਤਾਂ ਲਈ ਓਲਪਿਕ ਖੇਡਾਂ ਵੇਖਣੀਆਂ ਮਨ੍ਹਾਂ ਸਨ। ਕੋਈ ਵੇਖ ਲੈਂਦੀ ਤਾਂ ਲਾਗਲੀ ਪਹਾੜੀ ਤੋਂ ਸੁੱਟ ਕੇ ਮਾਰਨ ਦੀ ਸਜ਼ਾ ਸੀ। ਉਨ੍ਹਾਂ ਲਈ ਵੱਖਰੀ ਜਗ੍ਹਾ ਸੌ ਫੁੱਟ ਦੀ ਦੌੜ ਹੁੰਦੀ ਸੀ। ਇਹ ਖੇਡਾਂ ਚਾਰ ਸਾਲ ਪਿੱਛੋ ਜੂਨ-ਜੁਲਾਈ ਦੀ ਪੂਰਨਮਾਸ਼ੀ ਨੂੰ ਹੁੰਦੀਆਂ ਜਿਨ੍ਹਾਂ ਨੂੰ ਓਲੰਪੀਅਦ ਕਿਹਾ ਜਾਂਦਾ।

ਯੂਨਾਨ ਦੇ ਐਲਿਸ ਰਾਜ ਵਿਚ ਓਲਿੰਪੀਆਂ ਨਾਂ ਦਾ ਨਗਰ ਸੀ। ਉਹਦੇ ਦੱਖਣ-ਪੱਛਮ ਵੱਲ ਐਲਥੀਅਸ ਨਦੀ ਵਹਿੰਦੀ ਸੀ ਜੋ ਓਲਿੰਪੀਆ ਦੀ ਵਾਦੀ ਨੂੰ ਖੇੜਾ ਬਖਸ਼ਦੀ। ਦੂਜੇ ਪਾਸੇ ਕਲਾਦੀਅਸ ਨਦੀ ਸੀ। ਯੂਨਾਨ ਨੇ ਸੰਸਾਰ ਨੂੰ ਫ਼ਲਸਫਾ, ਰੰਗ-ਮੰਚ, ਮਹਾਂ-ਕਾਵਿ, ਬੁਤਕਾਰੀ, ਇਮਾਰਤਸਾਜੀ ਤੇ ਨਾਟਕ-ਚੇਟਕ ਵਾਲੀ ਅਮੀਰ ਸੱਭਿਅਤਾ ਹੀ ਨਹੀ ਦਿੱਤੀ ਸਗੋ ਬਲਵਾਨ ਜੁਸੇ ਵਿੱਚ ਬਲਵਾਨ ਬੁੱਧੀ ਦਾ ਵਾਧਾ ਕਰਨ ਵਾਲੀਆਂ ਓਲਪਿੰਕ ਖੇਡਾਂ ਵੀ ਦਿੱਤੀਆਂ। ਓਲੰਪਿਕ ਖੇਡਾਂ ਬਾਰੇ ਕਈ ਕਥਾਵਾਂ ਹਨ। ਇੱਕ ਦੰਦ-ਕਥਾ ਅਨੁਸਾਰ ਐਲਿਸ ਰਾਜ ਦੇ ਰਾਜੇ ਓਨੋਮਸ ਨੇ ਸ਼ਰਤ ਰੱਖੀ ਸੀ ਕਿ ਉਹ ਆਪਣੀ ਧੀ ਹਿਪੋਡੇਮੀਆ ਉਸੇ ਰਾਜਕੁਮਾਰ ਨਾਲ ਵਿਆਹੇਗਾ ਜਿਹੜਾ ਰਾਜੇ ਦੇ ਰੱਥ ਨੂੰ ਡਾਹੀ ਨਾ ਦੇਵੇ। ਡਾਹੀ ਲੈਣ ਦੀ ਸੂਰਤ ਵਿਚ ਭਾਲੇ ਨਾਲ ਮਾਰੇ ਜਾਣ ਦੀ ਸਜ਼ਾ ਸੀ। ਰਾਜਕੁਮਾਰੀ ਨੂੰ ਵਿਆਹੁਣ ਲਈ ਰਾਜਕੁਮਾਰ ਨਿੱਤਰਦੇ ਰਹੇ। ਉਹ ਰਾਜਕੁਮਾਰੀ ਨੂੰ ਆਪਣੇ ਰੱਥ ਵਿਚ ਬਿਠਾ ਕੇ ਦੌੜਦੇ ਤੇ ਸ਼ਾਹੀ ਰੱਥ ਪਿੱਛਾ ਕਰਦਾ। ਇੰਜ ਕਰਦਿਆਂ ਓਨੋਮਸ ਨੇ ਤੇਰਾਂ ਉਮੀਦਵਾਰ ਜੁਆਈਆਂ ਨੂੰ ਮਾਰਿਆ। ਫਿਰ ਜੀਅਸ ਦੇ ਪੁੱਤਰ ਪੈਲੋਪਸ ਦੀ ਵਾਰੀ ਆਈ। ਉਸ ਨੇ ਸ਼ਾਹੀ ਰੱਥ ਦੀ ਧੁਰੀ ਢਿੱਲੀ ਕਰਵਾ ਦਿੱਤੀ। ਜਦੋਂ ਪੈਲੋਪਸ ਰਾਜਕੁਮਾਰੀ ਨੂੰ ਲੈ ਕੇ ਦੌੜਿਆ ਤਾਂ ਓਨੋਮਸ ਨੇ ਪਿੱਛਾ ਕੀਤਾ। ਓਨੋਮਸ, ਪੈਲੋਪਸ ਤੱਕ ਪੁੱਜਣ ਹੀ ਵਾਲਾ ਹੀ ਸੀ ਕਿ ਸ਼ਾਹੀ ਰੱਥ ਦਾ ਪਹੀਆ ਨਿਕਲ ਗਿਆ, ਰੱਥ ਉਲਟ ਗਿਆ ਤੇ ਓਨੋਮਸ ਦੀ ਮੌਤ ਹੋ ਗਈ। ਪੈਲੋਪਸ ਨੂੰ ਨਾ ਕੇਵਲ ਰਾਜਕੁਮਾਰੀ ਮਿਲੀ ਬਲਕਿ ਐਲਿਸ ਦਾ ਰਾਜ ਮਿਲ ਗਿਆ। ਰਾਜ ਭਾਗ ਮਿਲਣ ਦੀ ਖੁਸ਼ੀ ਵਿੱਚ ਉਸ ਨੇ ਓਲੰਪਿਕ ਖੇਡਾਂ ਕਰਵਾਉਣ ਦਾ ਜਸ਼ਨ ਮਨਾਇਆ।

ਪੁਰਾਤਨ ਓਲੰਪਿਕ ਖੇਡਾਂ 776 ਪੂਰਵ ਈਸਵੀ ਤੋਂ 392 ਈਸਵੀ ਤੱਕ ਹਰ ਚਾਰ ਸਾਲਾਂ ਬਾਅਦ ਹੁੰਦੀਆਂ ਰਹੀਆਂ। ਖੇਡਾਂ ਦੌਰਾਨ ਲੜਾਈਆਂ ਬੰਦ ਰਹਿੰਦੀਆਂ। ਫਿਰ ਰੋਮ ਨੇ ਸ਼ਹਿਨਸ਼ਾਹ ਥਿਓਡਾਸੀਅਸ ਪਹਿਲੇ ਨੇ 393 ਈਸਵੀ ਵਿੱਚ ਓਲਿੰਪੀਆ ਦੇ ਮੰਦਰਾਂ ਵਿੱਚ ਜਾਣ 'ਤੇ ਪਾਬੰਦੀ ਲਗਾ ਦਿੱਤੀ ਤੇ 426 ਈਸਵੀ ਵਿੱਚ ਥਿਓਡਾਸੀਅਸ ਦੂਜੇ ਨੇ ਮੰਦਰਾਂ ਨੂੰ ਅੱਗ ਲੁਆ ਦਿੱਤੀ। ਦੋ ਸਦੀਆਂ ਪਿੱਛੋਂ ਓਲਿੰਪੀਆ ਦੀ ਵਾਦੀ ਵਿੱਚ ਭੂਚਾਲ ਆਇਆ ਜਿਸ ਨਾਲ ਖੇਡਦੀ -ਮੱਲਦੀ ਨਗਰੀ ਖੇਹ ਬਣ ਗਈ। ਕਲ-ਕਲ ਵਹਿੰਦੀ ਕਲਾਦੀਅੱਸ ਨਦੀ ਐਲਥੀਅਸ ਨਦੀ ਵਿੱਚ ਜਾ ਮਿਲੀ ਤੇ ਓਲਿੰਪੀਆ ਨਗਰੀ ਉਹਦੀ ਕੁੱਖ ਵਿੱਚ ਸਮਾ ਗਈ।



ਲਗਭਗ ਪੰਦਰਾਂ ਸੌ ਸਾਲ ਕਿਸੇ ਨੇ ਓਲਿੰਪੀਆ ਦੀ ਸਾਰ ਨਾ ਲਈ। 1875 ਤੋਂ 1881 ਈਸਵੀ ਤੱਕ ਕੀਤੀ ਖੁਦਾਈ ਨੇ ਓਲਿੰਪੀਆ ਦੇ ਖੰਡਰ ਲੱਭ ਲਏ। 25 ਨਵੰਬਰ 1892 ਨੂੰ ਫਰਾਂਸ ਦੇ ਸ਼ਹਿਰ ਸੋਰਬੋਨ ਵਿਖੇ ਪੀਅਰੇ ਦਿ ਕੂਬਰਤਿਨ ਨੇ ਉਲੰਪਿਕ ਖੇਡਾਂ ਦੀ ਪੁਨਰਸੁਰਜੀਤੀ ਦੇ ਵਿਸ਼ੇ 'ਤੇ ਭਾਸ਼ਨ ਦਿੱਤਾ। ਜੂਨ 1894 ਵਿੱਚ ਪੈਰਿਸ ਵਿਖੇ ਖੇਡ ਪ੍ਰੇਮੀਆਂ ਦੀ ਕੌਮਾਂਤਰੀ ਮੀਟਿੰਗ ਸੱਦੀ ਗਈ ਜਿਸ ਵਿੱਚ 12 ਦੇਸ਼ਾਂ ਦੇ 79 ਡੈਲੀਗੇਟ ਤੇ 49 ਖੇਡ ਸਭਾਵਾਂ ਦੇ ਨੁਮਾਇੰਦੇ ਸ਼ਾਮਲ ਹੋਏ। ਉੱਥੇ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਬਣਾ ਕੇ ਪਹਿਲੀਆਂ ਆਧੁਨਿਕ ਓਲੰਪਿਕ ਖੇਡਾਂ 1900 ਈਸਵੀ ਵਿੱਚ ਪੈਰਿਸ ਵਿਖੇ ਕਰਾਉਣ ਦਾ ਪ੍ਰੋਗਰਾਮ ਬਣਿਆ।

ਜਦੋ ਕੂਬਰਤਿਨ ਪੁਰਾਤਨ ਉਲੰਪਿਕ ਖੇਡਾਂ ਦੇ ਦੇਸ਼ ਯੂਨਾਨ ਦੇ ਦੌਰੇ 'ਤੇ ਗਿਆ ਤਾਂ ਏਥਨਜ ਵਾਸੀਆਂ ਨੇ ਕਿਹਾ ਕਿ ਓਲੰਪਿਕ ਖੇਡਾਂ ਏਥਨਜ ਤੋ ਹੀ ਪੁਨਰ ਸੁਰਜੀਤ ਹੋਣੀਆਂ ਚਾਹੀਦੀਆਂ ਹਨ। ਤਦ ਫੈਸਲਾ ਹੋਇਆ ਕਿ ਪਹਿਲੀਆਂ ਆਧੁਨਿਕ ਓਲੰਪਿਕ ਖੇਡਾਂ 1896 ਵਿੱਚ ਏਥਨਜ ਵਿਖੇ ਹੋਣਗੀਆਂ। ਹੁਣ ਇਨ੍ਹਾਂ ਸਮਰ ਓਲੰਪਿਕਸ ਦੇ ਨਾਲ ਵਿੰਟਰ ਓਲੰਪਿਕਸ ਅਤੇ ਪੈਰਾਓਲੰਪਿਕਸ ਵੀ ਆਯੋਜਿਤ ਕੀਤੀਆਂ ਜਾਂਦੀ ਹਨ। 32ਵੀਆਂ ਸਮਰ ਓਲੰਪਿਕਸ 23 ਜੁਲਾਈ 2021 ਤੋ 8 ਅਗਸਤ ਤਕ ਟੋਕੀਓ ਵਿੱਚ ਹੋਈਆਂ ਹਨ। 1960 ਵਿੱਚ ਸ਼ੁਰੂ ਹੋਈਆਂ ਪੈਰਾਓਲੰਪਿਕ ਖੇਡਾਂ ਵੀ 24 ਅਗਸਤ ਤੋਂ 5 ਸਤੰਬਰ, 2021 ਤੱਕ ਟੋਕੀਓ ਵਿਖੇ ਹੀ ਆਯੋਜਿਤ ਕੀਤੀਆਂ ਗਈਆਂ ਹਨ।



## Financial Help to the Needy Students by Saini Charitable Education Trust (Regd.)

Balbir Singh Saini
Rupnagar

Saini Bhawan Rupnagar is commited to help the children of financially weaker section of the society to complete their studies. For this purpose for the last 20 years students studying in Universities and Colleges are given Scholarships by Saini Charitable Education Trust of Saini Bhawan.

The money for these scholarships is provided by the Donors in two ways, due to which scholarships are classified as **Regular Scholarships and Casual Scholarships**. Some donors deposit lacs of rupees in Fixed Deposit in Banks in the name of the Trust. The annual interest incurred by this amount is distributed in the form of Regular Scholarships. Some donors give cash money every year to this Trust, that is given to the students as Casual Scholarships

In addition to these, another Annual Scholarship named L.R.Mundra Memorial Scholarship worth Rupees 3 Lacs is given to One student studying in Pretigious Indian Institutions.

**DONORS OF SCHOLARSHIPS (Year 2021-22)**

**A) REGULAR SCHOLARSHIPS**

| S.NO | Name of Donor | Donated Amount (Rs.) | Name of Scholarship |
|---|---|---|---|
| 1 | Late Sh.Lekh Raj Mundra<br>Haveli Kalan, Rupnagar. | 70,00,000<br>2,49,897 | Sh. L. R. Mundra Memorial Scholarship<br>Sh.Munshi Ram Memorial scholarship. |
| 2 | Mrs. Jaspal Kaur W/o S. Baldev Singh Mundra, Kandivali-East,Mumbai | 25,05,000 | Mata Durgi Devi Saini/ S. Mota Singh Saini Memorial Scholarship |
| 3 | Lt.Col.Gurdas Ram Saini (Retd.)<br>#192/D.C.Road Hoshiarpur | 20,45,000 | Lt.Col.G.R.Saini & Smt. Kaushalya Devi Memorial Scholarship |
| 4 | S.Hardev Singh Saini<br>Flemington (U.S.A.) | 11,00,000 | Sri Ram/ Hardev Singh Scholarship |
| 5 | Sh.Lajpat Rai Saini<br>East of Kailash, New Delhi | 3,49,000 | Baboo Ram Saini Memorial Scholarship |
| 6 | S.Tekpal Singh Saini<br>Faridabad (Haryana) | 3,17,000 | Mata Prem Kaur /S.Pritm Singh Nambardar Memorial Scholarship |
| 7 | Dr. Sowaran Singh PAU/ Mrs Rajinder Kaur Ludhiana | 2,50,000 | Mata Gayanty Devi Memorial Scholarship |
| 8 | Mrs.Baldev Chaudhry<br>G.Z.S.Nagar, Rupnagar. | 2,10 ,000 | Sh.P.C.Saini Memorial Scholarship |
| 9 | S.Gurmukh Singh Saini (MC)<br>S.B.S. Nagar, Rupnagar. | 2,02,000 | S.Gurbax Singh Nuhon Memorial Scholarship |
| 10 | Mrs.Rajinder Kaur W/o Dr.Rajwant Singh S.A.S.Nagar (Mohali). | 2,00,000 | Mata Sham Kaur Khuaspura Memorial Scholarship |
| 11 | Dr.Rajwant Singh<br>SAS Nagar (Mohali). | 2,00,000 | S.Hardip Singh Tehsildar Memorial Scholarship |
| 12 | Mrs.Gurjinder Kaur W/o Sh. Rajesh Chaudhry, D.C.Road, Hoshiarpur. | 1,75,000 | Smt. Gurjinder Kaur /Sh.Rajesh Chaudhry Scholarship. |
| 13 | Mr.Ujjal Singh Dosanjh<br>Vancouver (Canada). | 1,50,000 | Sh.Ujjal Singh Dosanjh Scholarship |
| 14 | Late Sh. B.R.Tumber SDO (Retd.)<br>New Delhi | 1,46,200 1. | Hakim Jethu Ram, Smt. Kailash Tumber & Sh.B.R.Tumber Memorial Scholarship |
| 15 | Smt.Ranjit Kaur D/o S. Mahinder Singh Girn (USA). | 1.07,000 | S.Mahinder Singh Girn Memorial Scholarship |
| 16 | Sh.Charan Singh Saini<br>Sunny Enclave, Sector 125, S.A.S.Nagar | 1,03,000 | Sh.Charan Singh Saini Scholarship |

| | | | |
|---|---|---|---|
| 17 | Dr. Jaswant Kaur Saini<br>Guru Nagar, Rupnagar. | 1,00,000 | Smt.Swaran Kaur/ S. Jagat Singh Memorial Scholarship |
| 18 | Sh.Gurmit Singh Jattana<br>Chandigarh. | 1,00,000 | S.Bakhtawar Singh Memorial Scholarship |
| 19 | Smt.Harbans Kaur & Late Sh.Trilochan Singh,<br>Hotel Amer Palace,BHOPAL | 93,500 | Smt.Harbans Trilochan Scholarship |
| 20 | S.Gurinder Singh Toni<br>Guru Nanak Tent, Rupnagar. | 50,000 | Smt.Ajmer Kaur Memorial Scholarship |
| 21 | Flt. Lt. (Hon) Tarlochan Singh (Retd.)<br>Mohali | 50,000 | Mata Swaran Kuar Memorial Scholarship |
| 22 | Late S. Bhag Singh Saini<br>Greater NOIDA (U.P) | 47,300 | Kumari Veerpal Kaur Memorial Scholarship |
| 23 | Sh.Baldev Singh Saini<br>Arera Colony, Bhopal (M.P). | 41,000 | Smt. Bishan Devi Memorial Scholarship |
| 24 | Smt. Damyanti Saini w/o Sh. Dilbagh Rai<br>Saini, Arera Colony Bhopal (M.P) | 40,000 | Mata Basant Kaur Memorial Scholarship |

**(B) CASUAL SCHOLARSHIPS**

| Sr.No. | Name of Donor | Amt. donated (Rs.) | Name of Scholarship |
|---|---|---|---|
| 1 | Mrs.Samvedna Kaloty & Mrs Davinder Kaur<br>Guru Nanak Avenue , Hoshiarpur | 40,000 | S. Swaran Singh Kaloty Memorial Scholarship |
| 2 | S. Sarvjeet Singh S/o S. Baldev Singh Chamak,<br>Mundi Kharar Mohali. | 12,000 | S. Gurpreet Singh Memorial Scholarship (for Handicap) |
| 3 | S. Gursharan Singh S/o S. Gurdev Singh, Gobind<br>Valley, Rupnagar | 12,000 | Mata Harbans Kaur Memorial Scholarship |
| 4 | S.Tekpal Singh Saini<br>Faridabad (Haryana). | 11,500 | S.Tekpal Singh Saini Scholarship |
| 5 | Smt. Chander Kanta Saini<br>Lahiri Shah Mandir Road,Rupnagar | 10,000 | Smt. Chander Kanta Saini Scholarship |
| 6 | Sh Tarsem Saini, Patiala | 10.000 | S. Harbhajan Singh Memorial Scholarship |
| 7 | S. Rajwinder Singh S/o S.Ajmer Singh<br>Guru Nagar Rupnagar. | 10,000 | Mata Ram Rakhi/ S. Karam Singh Memorial Scholarship |
| 8 | S. Sukhpal Singh, Khanpur | 10,000 | S. Chamel Singh Khanpur Scholarship |
| 9 | Late S. Bhag Singh Saini<br>Greater NOIDA (U.P) | 10,000 | Kumari Veerpal Kaur Memorial Scholarship |
| 10 | Sh.Baldev Singh Saini<br>Arera Colony, Bhopal (M.P). | 10,000 | Smt. Bishan Devi Memorial Scholarship |
| 11 | Smt. Damyanti Saini w/o Sh. Dilbagh Rai Saini,<br>Arera Colony Bhopal (M.P) | 10,000 | Mata Basant Kaur Memorial Scholarship |
| 12 | Sqn.Ldr.Manjit Singh Pabla,<br>Chandigarh. | 6500 | Chacha Hakam Singh Memorial Scholarship. |
| 13 | Mrs Kirpal Kaur W/o Capt. C.D Saini Suncity,<br>Rupnagar | 6,000 | Capt. C.D Saini Memorial Scholarship |
| 14 | Sh. Amit Saini S/o Sh.Rajinder Saini<br>GZS.Nagar,Rupnagar. | 6,000 | Nambardar Siri Ram Saini Memorial Scholarship |
| 15 | S.Rajinder Singh Nanua ,<br>Ranjit Avenue, Rupnagar. | 6,000 | S.Santokh Singh Nanua Memorial Scholarship |
| 16 | S.Amrik Singh,(Retd.) Asst.XEN<br>Ranjit Avenue,Rupnagar | 6,000 | Smt. Harminder Kaur Scholarship |
| 17 | S. Avtar Singh Longia, GZS Nagar, Rupnagar | 6000 | S. Hazara Singh & Mata Karam Kaur Memorial Scholarship |



# ਟੋਕੀਓ ਓਲੰਪਿਕਸ 2020 ਦੇ ਜੇਤੂ ਭਾਰਤੀ ਖਿਡਾਰੀ

ਗੁਰਮੁਖ ਸਿੰਘ
ਸਾਬਕਾ M.C.ਰੂਪਨਗਰ

32ਵੀਆਂ ਓਲੰਪਿਕਸ ਖੇਡਾਂ ਜਿਹੜੀਆਂ ਕਿ 2020 ਵਿਚ ਹੋਣੀਆਂ ਸਨ, ਕੋਵਿਡ ਬਿਮਾਰੀ ਦੀ ਦਹਿਸ਼ਤ ਕਾਰਨ 23 ਜੁਲਾਈ ਤੋਂ 8 ਅਗਸਤ 2021 ਵਿੱਚ ਟੋਕੀਓ ਵਿਖੇ ਕਾਰਵਾਈਆਂ ਗਈਆਂ। ਇਸ ਵਿੱਚ ਸ਼ਾਮਲ ਹੋਣ ਲਈ ਭਾਰਤ ਤੋਂ 228 ਖੇਡ ਸਖਸ਼ੀਅਤਾਂ ਨੂੰ ਭੇਜਿਆ ਗਿਆ। ਇਨ੍ਹਾਂ ਵਿੱਚੋਂ 128 ਖਿਡਾਰੀ ਸਨ ਜਿਨ੍ਹਾਂ ਨੇ ਪੂਰੀ ਹਿੰਮਤ ਤੇ ਕਾਬਲੀਅਤ ਨਾਲ ਖੇਡਦਿਆਂ 1 ਸੋਨ ਤਮਗਾ, 2 ਚਾਂਦੀ ਦੇ ਅਤੇ 4 ਕਾਂਸੀ ਤਮਗੇ ਹਾਸਲ ਕੀਤੇ। ਹੁਣ ਤੱਕ ਦੇ ਕਿਸੇ ਇੱਕ ਓਲੰਪਿਕ ਖੇਡ ਮੁਕਾਬਲੇ ਵਿੱਚ ਜਿੱਤੇ ਤਮਗਿਆਂ ਨਾਲੋਂ ਇਹ ਸਭ ਤੋਂ ਵੱਧ ਹਨ। ਜੇਤੂ ਖਿਡਾਰੀਆਂ ਦੇ ਵੇਰਵੇ ਇਸ ਪ੍ਰਕਾਰ ਹਨ-



**ਨੀਰਜ ਚੋਪੜਾ-** ਹਰਿਆਣਾ ਦੇ ਜ਼ਿਲ੍ਹਾ ਪਾਨੀਪਤ ਦੇ ਛੋਟੇ ਜਿਹੇ ਪਿੰਡ ਖੰਡਰਾ ਵਿੱਚ 24 ਦਸੰਬਰ,1997 ਨੂੰ ਜਨਮੇ ਸੂਬੇਦਾਰ ਨੀਰਜ ਚੋਪੜਾ ਨੇ ਜੈਵਲਿਨ ਥਰੋਅ ਐਥਲੈਟਿਕਸ ਮੁਕਾਬਲੇ ਵਿੱਚ ਸੋਨ ਤਮਗਾ ਜਿੱਤ ਕੇ ਇਤਿਹਾਸ ਸਿਰਜਿਆ ਹੈ। ਇਹ ਭਾਰਤ ਦਾ ਪਹਿਲਾ ਅਥਲੀਟ ਹੈ ਜਿਸ ਨੇ ਸੋਨ ਤਮਗਾ ਹਾਸਲ ਕੀਤਾ ਹੈ। ਨੀਰਜ ਚੋਪੜਾ ਅੰਜੂ ਬੌਬੀ ਜਾਰਜ ਦੇ ਬਾਅਦ ਦੂਜਾ ਭਾਰਤੀ ਹੈ ਜਿਸ ਨੇ ਐਥਲੈਟਿਕਸ ਵਿੱਚ ਵਿਸ਼ਵਚੈਂਪੀਅਨਸ਼ਿਪ ਪੱਧਰ ਦਾ ਸੋਨ ਤਮਗਾ ਜਿੱਤਿਆ ਹੈ। ਨੀਰਜ ਇੱਕ ਸਾਧਾਰਨ ਕਿਸਾਨੀ ਪਰਿਵਾਰ ਨਾਲ ਸਬੰਧ ਰਖਦਾ ਹੈ। 10-11 ਸਾਲ ਦੀ ਉਮਰ ਵਿੱਚ ਉਸ ਦਾ ਭਾਰ ਬਹੁਤ ਵੱਧ ਸੀ ਜਿਸ ਕਰਕੇ ਪਿਤਾ ਤੇ ਚਾਚੇ ਨੇ ਉਸ ਨੂੰ ਪਾਨੀਪਤ ਦੇ ਖੇਡ ਮੈਦਾਨ ਵਿੱਚ ਜਾਣ ਲੱਈ ਮਜ਼ਬੂਰ ਕੀਤਾ। ਹੋਰ ਕਿਸੇ ਖੇਡ ਵਿੱਚ ਕਾਮਯਾਬੀ ਨਾ ਮਿਲੀ ਤਾਂ ਮਜ਼ਾਕ ਵਿੱਚ ਹੀ ਨੇਜ਼ਾ ਚੁਕਿਆ ਤੇ ਪੂਰੀ ਤਾਕਤ ਨਾਲ ਥਰੋਅ ਕੀਤੀ। ਸਾਰੇ ਦੰਗ ਰਹਿ ਗਏ ਕਿ ਉਸ ਨੇ 11 ਸਾਲ ਦੀ ਉਮਰ ਵਿੱਚ 25 ਮੀਟਰ ਥਰੋਅ ਕੀਤੀ। ਉਸ ਨੇ ਮੁਸ਼ਕਲ ਨਾਲ ਇੱਕ ਸਸਤਾ ਜਿਹਾ ਨੇਜ਼ਾ ਖਰੀਦਿਆ ਅਤੇ ਬਿਨਾਂ ਕਿਸੇ ਕੋਚ ਤੋਂ ਹੀ ਰੋਜ਼ਾਨਾ 8-8 ਘੰਟੇ ਪ੍ਰੈਕਟਿਸ ਕਰਨ ਲੱਗਾ। ਬਿਹਤਰ ਸਹੂਲਤਾਂ ਲਈ ਉਹ ਪੰਚਕੂਲਾ ਆ ਗਿਆ। ਉਸ ਨੇ ਉੱਚਸਿੱਖਿਆ ਡੀ.ਏ.ਵੀ ਕਾਲਜ ਚੰਡੀਗੜ੍ਹ ਤੋਂ ਹਾਸਲ ਕੀਤੀ।ਉਹ ਵਿਸ਼ਵ ਪੱਧਰੀ ਜੂਨੀਅਰ ਅਤੇ ਸੀਨੀਅਰ ਮੁਕਾਬਲਿਆਂ ਵਿੱਚ ਭਾਗ ਲੈਣ ਲੱਗਾ। ਨੀਰਜ 2016 ਓਲੰਪਿਕਸ ਖੇਡਾਂ ਤੋਂ ਖੁੰਝ ਗਿਆ ਕਿਉਂਕਿ ਉਸ ਨੇ ਕੁਆਲੀਫੀਕੇਸ਼ਨ ਮਾਰਕ ਵਾਲੀ ਥਰੋਅ ਉਦੋਂ ਲਗਾਈ ਜਦੋਂ ਕੁਆਲੀਫਾਈ ਕਰਨ ਦੀ ਅੰਤਿਮ ਤਰੀਖ ਲੰਘ ਗਈ ਸੀ। 2016 ਦੀ ਵਰਲਡ ਚੈਂਪੀਅਨਸ਼ਿਪ ਵਿੱਚ ਥਰੋਅ ਦਾ ਨਵਾਂ ਰਿਕਾਰਡ ਕਾਇਮ ਕੀਤਾ। ਉਸ ਨੇ ਕਾਮਨਵੈਲਥ ਗੇਮਾਂ ਅਤੇ ਏਸ਼ੀਅਨ ਗੇਮਾਂ ਵਿੱਚ ਸੋਨ ਤਮਗੇ ਜਿੱਤੇ।ਨੀਰਜ ਨੇ ਓਲੰਪਿਕਸ ਤੱਕ ਪਹੁੰਚਣ ਤੱਕ ਕਈ ਖਤਰਨਾਕ ਸੱਟਾਂ ਦਾ ਮੁਕਾਬਲਾ ਕੀਤਾ ਤੇ ਕੋਵਿਡ ਨਾਲ ਵੀ ਲੜਾਈ ਲੜੀ ਅਤੇ ਅੰਤ ਟੋਕੀਓ ਓਲੰਪਿਕਸ ਵਿੱਚ 87.03 ਮੀਟਰ ਨੇਜ਼ਾ ਸੁੱਟ ਕੇ ਸੋਨ ਤਮਗਾ ਜਿੱਤਿਆ ਅਤੇ ਵਿਅਕਤੀਗਤ ਈਵੈਂਟ ਵਿੱਚ ਸੋਨ ਤਮਗਾ ਜੇਤੂ ਸਭ ਤੋਂ ਛੋਟੀ ਉਮਰ ਦਾ ਭਾਰਤੀ ਅਤੇ ਪਲੇਠੀ ਓਲੰਪਿਕ ਵਿੱਚ ਹੀ ਗੋਲਡ ਜਿੱਤਣ ਵਾਲਾ ਇਕਲੌਤਾ ਖਿਡਾਰੀ ਬਣਿਆਂ।

**ਸਾਈਖੋਮ ਮੀਰਾਬਾਈ ਚਾਨੂੰ-**



ਇਸ ਖਿਡਾਰਨ ਨੇ ਟੋਕੀਓ ਓਲੰਪਿਕਸ ਦੇ 49 ਕਿੱਲੋਗਰਾਮ ਮਹਿਲਾ ਵਰਗ ਮੁਕਾਬਲੇ ਵਿੱਚ 202 ਕਿਲੋਗਰਾਮ ਭਾਰ ਚੁੱਕ ਨੇ ਚਾਂਦੀ ਦਾ ਤਮਗਾ ਹਾਸਲ ਕੀਤਾ। ਮਨੀਪੁਰ ਦੀ ਰਾਜਧਾਨੀ ਇੰਮਫਾਲ ਤੋਂ 30 ਕਿਲੋਮੀਟਰ ਦੂਰ ਪਿੰਡ ਦੇ ਇੱਕ ਕਬਾਇਲੀ ਪਰਿਵਾਰ ਵਿੱਚ 8,ਅਗਸਤ 1994 ਨੂੰ ਜਨਮੀ ਇਸ ਲੜਕੀ ਨੇ ਗਰੀਬ ਪਰਿਵਾਰ ਵਿੱਚੋਂ ਉੱਠ ਕੇ ਵਿਸ਼ਵ ਵਿੱਚ ਵਿਸ਼ੇਸ਼ ਸਥਾਨ ਬਣਾ ਲਿਆ ਹੈ। ਉਹ ਜਦੋਂ ਬਹੁਤ ਛੋਟੀ ਸੀ ਤਾਂ ਜੰਗਲ ਵਿੱਚੋਂ ਬਾਲਣ ਦੀ ਲੱਕੜ ਦੇ ਬਹੁਤ ਭਾਰੇ ਬੰਡਲ ਚੁੱਕ ਕੇ ਲੈ ਆਉਂਦੀ ਸੀ ਜੋ ਉਸ ਦਾ ਵੱਡਾ ਭਰਾ ਵੀ ਨਹੀ ਚੁੱਕ ਸਕਦਾ ਸੀ।ਉਸ ਨੇ ਸਪੋਰਟਸ ਅਕੈਡਮੀ ਮਨੀਪੁਰ ਵਿੱਚ ਸਿਖਲਾਈ ਲੈਣੀ ਸ਼ੁਰੂ ਕੀਤੀ। ਉਹ ਰੇਤ ਨਾਲ ਭਰੇ ਹੋਏ ਟਰੱਕਾਂ ਨੂੰ ਝਟਕੇ ਨਾਲ ਚੁੱਕਣ ਦੀ ਕੋਸ਼ਿਸ਼ ਕਰਿਆ ਕਰਦੀ। ਇਸ ਲਈ ਤਮਗਾ ਜਿੱਤਣ 'ਤੇ ਉਸ ਨੇ ਡਰਾਇਵਰਾਂ ਨੂੰ ਘਰ ਬੁਲਾਇਆ ਅਤੇ ਉਨ੍ਹਾਂ ਦੇ ਪੈਰੀਂ ਹੱਥ ਲਾ ਕੇ ਧੰਨਵਾਦ ਕੀਤਾ। ਉਸ ਨੇ 2017 ਦੀ ਵਿਸ਼ਵ ਵ੍ਹੇਟਲਿਫਟਿੰਗ ਚੈਂਪੀਅਨਸ਼ਿਪ ਅਤੇ 2018 ਦੀਆਂ ਕਾਮਨਵੈਲਥ ਖੇਡਾਂ ਸਮੇਂ ਸੋਨ ਤਮਗੇ ਹਾਸਲ ਕੀਤੇ। ਸੰਨ 2020 ਵਿੱਚ ਉਸ ਨੇ 205 ਕਿਲੋ ਭਾਰ ਚੁੱਕ ਕੇ ਵਿਸ਼ਵ ਰਿਕਾਰਡ ਬਣਾਇਆ। ਉਹ ਇੱਕਲੀ ਹੀ ਭਾਰਤੋਲਕ ਮਹਿਲਾ ਟੋਕੀਓ ਓਲੰਪਿਕਸ ਵਿੱਚ ਭਾਗ ਲੈਣ ਲਈ ਚੁਣੀ ਗਈ। ਚਾਨੂੰ ਓਲੰਪਿਕਸ ਵਿੱਚ ਚਾਂਦੀ ਦਾ ਤਮਗਾ ਜਿੱਤਣ ਵਾਲੀ ਪਹਿਲੀ ਅਤੇ ਕਰਨਮ ਮਲੇਸ਼ਵਰੀ ਤੋਂ ਬਾਅਦ ਦੂਜੀ ਤਮਗਾ ਜਿੱਤਣ ਵਾਲੀ ਖਿਡਾਰਨ ਬਣ ਗਈ ਹੈ। ਉਹ ਮੇਜਰ ਧਿਆਨ ਸਿੰਘ ਖੇਡ ਰਤਨ ਐਵਾਰਡ ਅਤੇ ਪਦਮਸ਼੍ਰੀ ਨਾਲ ਸਨਮਾਨਿਤ ਖਿਡਾਰਨ ਹੈ।

**ਰਵੀ ਕੁਮਾਰ ਦਹੀਆ-**ਹਰਿਆਣਾ ਦੇ ਸੋਨੀਪਤ ਜ਼ਿਲ੍ਹੇ



ਵਿੱਚ ਨਾਹਰੀ ਪਿੰਡ ਦੇ ਫਰੀਸਟਾਈਲ ਰੈਸਲਰ ਰਵੀ ਕੁਮਾਰ ਦਹੀਆ ਨੇ ਟੋਕੀਓ ਓਲੰਪਿਕਸ ਵਿੱਚ 57 ਕਿੱਲੋ ਭਾਰ ਮੁਕਾਬਲੇ ਵਿੱਚ ਚਾਂਦੀ ਦਾ ਤਮਗਾ ਲੈ ਕੇ ਆਪਣੇ ਦੇਸ਼ ਦੀ ਸ਼ਾਨ ਵਧਾਈ ਹੈ।23 ਸਾਲ ਦਾ ਦਹੀਆ 2019 ਦੀਆਂ ਵਿਸ਼ਵ ਚੈਨਪੀਅਨਸ਼ਿਪ ਮੁਕਾਬਲਿਆਂ ਦਾ ਕਾਂਸੀ ਤਮਗਾ ਜੇਤੂ ਅਤੇ ਦੋ ਵਾਰ ਦਾ ਏਸ਼ੀਅਨ ਚੈਂਪੀਅਨ ਹੈ। ਉਸ ਨੇ ਦਿੱਲੀ ਛਤਰਾਸਲ ਸਟੇਡੀਅਮ ਵਿੱਚ ਸਿਖਲਾਈ ਹਾਸਲ ਕੀਤੀ। ਉਸ ਦਾ ਪਿਤਾ ਜੋ ਕਿ ਇੱਕ ਗਰੀਬ ਕਿਸਾਨ ਹੈ ਆਪਣੇ ਪੁੱਤਰ ਨੂੰ ਤਾਜ਼ਾ ਦੁੱਧ ਅਤੇ ਫਲ ਦੇਣ ਲਈ ਇੱਕ ਦਹਾਕੇ ਤੋਂ ਹਰ ਰੋਜ਼ 39 ਕਿਲੋਮੀਟਰ ਸਫਰ ਕਰਦਾ ਸੀ। ਉਸ ਨੇ 2019 ਦੀ ਵਿਸ਼ਵ ਰੈਸਲਿੰਗ ਚੈਂਪੀਅਨਸ਼ਿਪ ਵਿੱਚ ਭਾਰਤ ਲਈ ਇਕਲੌਤਾ ਚਾਂਦੀ ਦਾ ਤਮਗਾ ਜਿੱਤਿਆ। ਉਸ ਨੇ ਦਿੱਲੀ ਵਿਖੇ 2020 ਵਿੱਚ ਹੋਈ ਏਸ਼ੀਅਨ ਰੈਸਲਿੰਗ ਚੈਂਪੀਅਨਸ਼ਿਪ ਵਿੱਚ ਸੋਨ ਤਮਗਾ ਜਿੱਤਿਆ। ਟੋਕੀਓ ਓਲੰਪਿਕਸ ਵਿੱਚ ਪਹਿਲੇ ਮੁਕਾਬਲੇ ਦੌਰਾਨ ਆਪਣੇ ਨਾਲੋਂ ਤਕੜੇ ਦਿਸਣ ਵਾਲੇ ਪਹਿਲਵਾਨ ਉਰਬਾਨ ਨੂੰ 13-2 ਨਾਲ ਹਰਾਇਆ ਅਤੇ ਆਖਰੀ ਮੁਕਾਬਲੇ ਵਿੱਚ ਚਾਂਦੀ ਦਾ ਤਮਗਾ ਜਿੱਤ ਲਿਆ। ਦਹੀਆ ਸੁਸ਼ੀਲ ਕੁਮਾਰ ਤੋਂ ਬਾਅਦ ਓਲੰਪਿਕਸ ਵਿੱਚ ਚਾਂਦੀ ਦਾ ਤਮਗਾ ਜਿੱਤਣ ਵਾਲਾ ਦੂਜਾ ਪਹਿਲਵਾਨ ਹੈ।

**ਲਵਲੀਨਾ ਬੋਰਗੋਹੇਨ**-ਅਸਾਮ ਦੇ ਪਿਛੜੇ ਇਲਾਕੇ ਵਿੱਚ ਜ਼ਿਲ੍ਹਾ ਗੋਲਾਘਾਟ ਦੇ ਪਿੰਡ ਬਾਰੋਮੁਖੀਆ ਦੀ 23 ਸਾਲਾ ਇਸ ਮੁੱਕੇਬਾਜ਼ ਨੇ ਟੋਕੀਓ ਓਲੰਪਿਕਸ ਵਿਚ ਕਾਂਸੀ ਦਾ ਤਮਗਾ ਜਿੱਤ ਕੇ ਇਤਿਹਾਸ ਸਿਰਜਿਆ ਹੈ। ਉਹ 69 ਕਿੱਲੋਗਰਾਮ ਭਾਰ ਵਰਗ ਦੇ ਸੈਮੀਫਾਈਨਲ ਮੁਕਾਬਲੇ ਵਿੱਚ ਵਿਸ਼ਵ ਚੈਂਪੀਅਨ ਤੁਰਕੀ ਦੀ ਮੁੱਕੇਬਾਜ਼ ਤੋਂ ਹਾਰ ਗਈ। ਉਹ ਇੱਕ ਸਾਧਾਰਨ ਜਿਹੇ ਕਿਸਾਨੀ ਪਰਿਵਾਰ ਨਾਲ ਸੰਬੰਧ ਰਖਦੀ ਹੈ। ਪਿਛਲੇ ਸਾਲ ਤਾਲਾਬੰਦੀ ਦੌਰਾਨ ਉਸ ਨੇ ਆਪਣੇ ਪਿਤਾ ਟੀਕਨ ਬੋਰਗੋਹੇਨ ਨਾਲ ਖੇਤਾਂ 'ਚ ਝੋਨਾ ਲਗਾਉਣ ਵਿੱਚ ਮਦਦ ਕਰਦੀ ਰਹੀ। ਉਹ ਇਹ ਕੰਮ ਬਚਪਨ ਤੋਂ ਹੀ ਕਰ ਰਹੀ ਹੈ। ਲਵਲੀਨਾ ਨੇ ਓਲੰਪਿਕ ਤਮਗਾ ਜਿੱਤਣ ਲਈ ਕਈ ਕਠਿਨਾਈਆਂ ਦਾ ਮੁਕਾਬਲਾ ਕੀਤਾ। ਉਸ ਨਾਲ ਦੇ ਖਿਡਾਰੀ ਜਦੋਂ ਪਟਿਆਲਾ ਦੇ ਖੇਡ ਸਟੇਡੀਅਮ ਵਿੱਚ ਪ੍ਰੇਕਟਿਸ ਕਰ ਰਹੇ ਸਨ ਤਾਂ ਉਹ ਆਪਣੀ ਮਾਂ ਨਾਲ ਹਸਪਤਾਲ ਵਿੱਚ ਸੀ। ਜਦੋਂ ਓਲੰਪਿਕ ਕੁਆਲੀਫਾਈਂਗ ਗਰੁੱਪ ਦੇ ਖਿਡਾਰੀ ਯੂਰਪ ਦੇ ਦੌਰੇ 'ਤੇ ਗਏ ਤਾਂ ਉਸ ਦਾ ਕਰੋਨਾ ਪਾਜ਼ਟਿਵ ਆ ਗਿਆ। ਆਪਣੇ ਆਪ ਨੂੰ ਓਲੰਪਿਕਸ ਲਈ ਤਿਆਰ ਕਰਨ ਲਈ ਸਪੋਰਟਸ ਅਥਾਰਟੀ ਵਲੋਂ ਉਸ ਨੂੰ ਸਿਖਲਾਈ ਸਾਮਾਨ ਭੇਜਣ ਤੋਂ ਪਹਿਲਾਂ ਉਸ ਨੇ ਖਾਲੀ ਸਿਲੰਡਰ ਨਾਲ ਅਭਿਆਸ ਕੀਤਾ। ਸਿਖਲਾਈ ਲੈਣ ਜਾਣ ਲਈ ਉਸ ਨੂੰ ਪਿੰਡ ਤੋਂ ਜਾਂਦੇ ਟੁੱਟੇ ਰਸਤਿਆਂ 'ਤੇ ਰਾਤ ਨੂੰ ਵੀ ਸਫਰ ਕਰਨਾ ਪੈਂਦਾ ਸੀ।





**ਪੀ.ਵੀ. ਸਿੰਧੂ**- ਹੈਦਰਾਬਾਦ ਵਿੱਚ 5 ਜੁਲਾਈ, 1995 ਵਿੱਚ ਜਨਮੀ ਪੁਸਰਲਾ ਵੈਂਕਟ ਸਿੰਧੂ ਨੇ ਟੋਕੀਓ ਓਲੰਪਿਕਸ ਵਿੱਚ ਬੈਡਮੈਂਟਿਨ ਮੁਕਾਬਲੇ ਵਿੱਚ ਕਾਂਸੀ ਤਮਗਾ ਜਿੱਤ ਕੇ ਨਾਮਣਾ ਖੱਟਿਆ ਹੈ। ਉਸ ਦਾ ਅਰਜੁਨ ਐਵਰਡੀ ਪਿਤਾ ਪੀ.ਵੀ ਰਮਨ ਅਤੇ ਮਾਤਾ ਪੀ.ਵਿਜਯਾ ਦੋਵੇਂ ਵਾਲੀਵਾਲ ਦੇ ਖਿਡਾਰੀ ਹਨ। ਸਿੰਧੂ ਨੇ ਅੱਠ ਸਾਲ ਦੀ ਉਮਰ ਵਿੱਚ ਹੀ ਕੋਚ ਪੁਲੇਲਾ ਗੋਪੀਚੰਦ ਤੋਂ ਪ੍ਰਭਾਵਿਤ ਹੋ ਕੇ ਬੈਡਮਿੰਟਨ ਖੇਡਣਾ ਸੁਰੂ ਕੀਤਾ। ਉਹ ਸਵੇਰੇ ਚਾਰ ਵਜੇ ਉੱਠ ਕੇ ਖੇਡਣਾ ਸ਼ੁਰੂ ਕਰ ਦਿੰਦੀ ਸੀ। ਉਸ ਦਾ ਪਿਤਾ ਹਰ ਰੋਜ਼ 70 ਮੀਲ ਸਕੂਟਰ ਚਲਾ ਕੇ ਆਪਣੀ ਧੀ ਨੂੰ ਸਿਖਲਾਈ ਕੇਂਦਰ 'ਤੇ ਛੱਡਣ ਜਾਂਦਾ ਸੀ। ਉਸ ਨੇ 2009 ਤੋਂ ਅੰਤਰਰਾਸ਼ਟਰੀ ਬੈਡਮਿੰਟਨ ਮੁਕਾਬਲਿਆਂ ਵਿੱਚ ਭਾਗ ਲੈਣਾ ਸ਼ੁਰੂ ਕੀਤਾ ਅਤੇ ਲਗਾਤਾਰ ਤਮਗੇ ਲੈਣ ਦਾ ਰਿਕਾਰਡ ਬਣਾਇਆ। 2016 ਦੀਆਂ ਰਿਓ ਓਲੰਪਿਕਸ ਵਿੱਚ ਸਿੰਧੂ ਨੇ ਚਾਂਦੀ ਦਾ ਤਮਗਾ ਜਿੱਤਿਆ। ਉਸ ਦੇ ਇਨਾਮਾਂ ਦੀ ਸੂਚੀ ਬਹੁਤ ਲੰਬੀ ਹੈ। ਉਹ ਵਿਸ਼ਵ ਜੇਤੂ ਵੀ ਰਹਿ ਚੁੱਕੀ ਹੈ। ਹੁਣ ਉਹ ਦੋ ਵਾਰੀ ਓਲੰਪਿਕਸ ਮੈਡਲ ਜੇਤੂ ਬਣ ਕੇ ਉਸ ਉਚਾਈ 'ਤੇ ਪਹੁੰਚ ਗਈ ਹੈ ਜਿੱਥੇ ਕੋਈ ਅਸਾਧਾਰਨ ਵਿਅਕਤੀ ਹੀ ਜਾ ਸਕਦਾ ਹੈ। ਉਸ ਦੀਆਂ ਪ੍ਰਾਪਤੀਆਂ ਸਦਕਾ ਉਸ ਨੂੰ ਅਰਜੁਨ ਐਵਾਰਡ ਅਤੇ ਪਦਮਸ਼੍ਰੀ ਐਵਾਰਡ ਹਾਸਲ ਹੋਏ। ਉਹ ਪਦਮਸ਼੍ਰੀ ਐਵਾਰਡ ਹਾਸਲ ਕਰਨ ਵਾਲੀ ਸਭ ਤੋਂ ਘੱਟ ਉਮਰ ਦੀ ਸਖਸ਼ੀਅਤ ਹੈ।



**ਬਜਰੰਗ ਪੂਨੀਆਂ**- ਹਰਿਆਣਾ ਸੂਬੇ ਵਿੱਚ ਝੱਜਰ ਜ਼ਿਲ੍ਹੇ ਦੇ ਪਿੰਡ ਖੁਡਾਨ ਵਿੱਚ 26 ਫਰਬਰੀ 1994 ਨੂੰ ਜਨਮੇ ਬਜਰੰਗ ਪੂਨੀਆਂ ਨੇ ਟੋਕੀਓ ਓਲੰਪਿਕਸ ਵਿੱਚ 65 ਕਿਲੋਗਰਾਮ ਕੁਸ਼ਤੀ ਮੁਕਾਬਲੇ ਵਿੱਚ ਕਾਂਸੀ ਦਾ ਤਮਗਿਆ ਜਿੱਤ ਕੇ ਦੇਸ਼ ਦੀ ਲਾਜ ਰੱਖੀ ਹੈ। ਉਸ ਨੇ ਸੱਤ ਸਾਲ ਦੀ ਉਮਰ ਵਿੱਚ ਹੀ ਕੁਸ਼ਤੀ ਸ਼ੁਰੂ ਕਰ ਦਿੱਤੀ ਸੀ। 2015 ਵਿੱਚ ਉਸ ਦਾ ਪਰਿਵਾਰ ਸੋਨੀਪਤ ਚਲਾ ਗਿਆ ਤਾਂ ਉਹ ਸਪੋਰਟਸ ਅਥਾਰਟੀ ਆਫ ਇੰਡੀਆ ਦੇ ਖੇਤਰੀ ਕੇਂਦਰ ਵਿੱਚ ਸ਼ਾਮਲ ਹੋ ਗਿਆ। ਇਸ ਸਮੇ ਉਹ ਭਾਰਤੀ ਰੇਲਵੇ ਵਿੱਚ ਨੌਕਰੀ ਕਰਦਾ

ਬਾਕੀ ਸਫਾ 17 'ਤੇ.....



# ਸੋਨੇ ਵਰਗੀ ਕਾਂਸੀ

ਅਮਰਜੀਤ ਸਿੰਘ
ਰੂਪਨਗਰ

ਭਾਰਤੀ ਹਾਕੀ ਦਾ ਸੂਰਜ 41 ਸਾਲਾਂ ਤੋਂ ਡੁੱਬਿਆ ਹੋਇਆ ਸੀ। ਟੋਕੀਓ ਓਲੰਪਿਕਸ ਵਿੱਚ ਇਹ ਮੁੜ ਉਦੈ ਹੋਇਆ ਹੈ। ਹਾਕੀ ਦਾ ਉੱਜੜਿਆ ਬਾਗ ਮੁੜ ਮਹਿਕਿਆ ਹੈ। ਘਰ ਘਰ ਖੁਸ਼ੀਆਂ ਮਨਾਈਆਂ ਗਈਆਂ ਹਨ। ਦੇਸ਼ ਭਰ ਵਿੱਚ ਹਾਕੀ ਦੀ ਬੱਲੇ ਬੱਲੇ ਹੋਈ ਹੈ। ਭਾਵੇਂ ਪੁਰਸ਼ ਅਤੇ ਮਹਿਲਾ ਦੀਆਂ ਦੋਵੇਂ ਟੀਮਾਂ ਵਿੱਚੋਂ ਕੋਈ ਵੀ ਸੋਨੇ ਜਾਂ ਚਾਂਦੀ ਦਾ ਤਮਗਾ ਨਹੀਂ ਜਿੱਤ ਸਕੀ। ਪਰ ਗੱਭਰੂਆਂ ਦੀ ਟੀਮ ਵਲੋਂ ਕਾਂਸੀ ਦਾ ਤਮਗਾ ਜਿੱਤਣਾ ਅਤੇ ਮੁਟਿਆਰਾਂ ਦੀ ਟੀਮ ਵਲੋਂ ਚੌਥੇ ਸਥਾਨ 'ਤੇ ਆਉਣਾ ਸੋਨੇ ਦੇ ਤਮਗੇ ਤੋਂ ਘੱਟ ਨਹੀਂ ਸਮਝੇ ਜਾਂਦੇ। ਮੁੰਡਿਆਂ ਦੀ ਟੀਮ ਵਿੱਚ ਕਪਤਾਨ ਮਨਪ੍ਰੀਤ ਸਿੰਘ ਸਮੇਤ ਗਿਆਰਾਂ ਖਿਡਾਰੀ ਪੰਜਾਬ ਦੇ ਪਿੰਡਾਂ ਦੇ ਹਨ ਅਤੇ ਲੜਕੀਆਂ ਦੀ ਟੀਮ ਵਿੱਚ ਵੀ ਬਹੁਤੀਆਂ ਖਿਡਾਰਣਾ ਹਰਿਆਣਾ ਦੇ ਪੇਂਡੂ ਖੇਤਰ ਨਾਲ ਸਬੰਧਿਤ ਹਨ। ਲਗਭੱਗ ਸਾਰੇ ਖਿਡਾਰੀ ਸਧਾਰਨ ਕਿਰਤੀ ਕਿਸਾਨਾਂ ਦੇ ਹਨ।

ਓਲੰਪਿਕ ਇਤਿਹਾਸ ਵਿੱਚ 1928 ਤੋਂ 1980 ਤੱਕ ਭਾਰਤੀ ਹਾਕੀ ਨੂੰ ਦੁਨੀਆਂ ਦਾ ਮੀਰੀ ਮੰਨਿਆਂ ਜਾਂਦਾ ਸੀ। ਇਸ ਦੌਰਾਨ 12 ਓਲੰਪਿਕ ਖੇਡਾਂ ਹੋਈਆਂ ਜਿਨ੍ਹਾਂ ਵਿੱਚੋਂ ਭਾਰਤੀ ਹਾਕੀ ਟੀਮਾਂ ਨੇ 8 ਸੋਨ ਤਮਗੇ, 1 ਚਾਂਦੀ ਅਤੇ 2 ਕਾਂਸੀ ਤਮਗੇ ਜਿੱਤੇ ਸਨ। ਇਸ ਵਿਚਕਾਰ 1976 ਵਿੱਚ ਕੋਈ ਤਮਗਾ ਨਹੀਂ ਸੀ ਜਿੱਤਿਆ ਕਿਉਂਕਿ ਯੂਰਪ ਦੇ ਹਾਕੀ ਅਧਿਕਾਰੀ ਕੁਦਰਤੀ ਘਾਹ ਵਾਲੇ ਖੇਡ ਮੈਦਾਨ ਦੀ ਥਾਂ ਮਸਨੂਈ ਐਸਟਰੋਟਰਫ ਲੈ ਆਏ ਸਨ। ਜਦੋਂ ਤੱਕ ਭਾਰਤ ਹਾਕੀ ਰਾਹੀਂ ਦੁਨੀਆਂ 'ਤੇ ਜਿੱਤ ਹਾਸਲ ਕਰਦਾ ਰਿਹਾ, ਉਦੋਂ ਤੱਕ ਹਾਕੀ ਨੂੰ ਕੌਮੀ ਖੇਡ ਮੰਨਿਆਂ ਜਾਂਦਾ ਰਿਹਾ। ਫਿਰ ਆਮ ਆਦਮੀ ਦਾ ਧਿਆਨ ਕ੍ਰਿਕਟ ਵੱਲ ਕਰ ਦਿੱਤਾ ਗਿਆ। ਕ੍ਰਿਕਟ ਵਿੱਚ ਅਰਬਾਂ-ਖਰਬਾਂ ਰੁਪਏ ਆ ਗਏ। ਲੱਖਾਂ ਕਰੋੜਾਂ ਵਿੱਚ ਖਿਡਾਰੀ ਖਰੀਦੇ ਤੇ ਵੇਚੇ ਜਾਂਦੇ। 'ਭਾਰਤ ਦੇ ਰਤਨ' ਹਾਕੀ ਦੇ 'ਗੋਲਡਨ ਹੈਟ੍ਰਿਕ' ਮਾਰਨ ਵਾਲੇ ਖਿਡਾਰੀ ਨਹੀਂ, ਕ੍ਰਿਕਟ ਦੇ ਚੌਕੇ ਛਿੱਕੇ ਮਾਰਨ ਵਾਲੇ ਮੰਨੇ ਜਾਣ ਲੱਗੇ। ਇਸ ਨਾਲ ਭਾਰਤੀ ਹਾਕੀ ਟੀਮ ਕਿਸੇ ਵੀ ਤਮਗੇ ਲਈ ਵਿਕਟਰੀ ਸਟੈਂਡ 'ਤੇ ਚੜ੍ਹਨ ਜੋਗੀ ਨਾ ਰਹੀ। ਇੱਥੋਂ ਤੱਕ ਕਿ ਪੇਈਚਿੰਗ ਓਲੰਪਿਕਸ 2008 ਵਿੱਚ ਹਿੱਸਾ ਲੈਣ ਲਈ ਕੁਆਲੀਫਾਈ ਵੀ ਨਾ ਕਰ ਸਕੀ। ਅੱਧੀ ਸਦੀ ਤੱਕ ਹਾਕੀ ਦੀਆਂ ਜਿੱਤਾਂ ਅਤੇ ਅੱਧੀ ਸਦੀ ਦੀਆਂ ਨਮੋਸ਼ੀ ਭਰੀਆਂ ਹਾਰਾਂ ਪਿੱਛੋਂ ਹੁਣ ਵਿਕਟਰੀ ਸਟੈਂਡ 'ਤੇ ਚੜ੍ਹਨਾ ਜਾਂ ਉਸ ਦੇ ਪਾਸ ਖੜ੍ਹਨਾ ਖੇੜੇ ਕਿਵੇਂ ਨਾ ਲਿਆਉਂਦਾ? ਭਾਰਤੀ ਹਾਕੀ ਖਿਡਾਰੀ ਜਿੱਤੇ ਵੀ ਸ਼ਾਨ ਨਾਲ ਤੇ ਹਾਰੇ ਤਾਂ ਵੀ ਜੁਝਾਰੂਆਂ ਵਾਂਗ। ਹੁਣ ਉਨ੍ਹਾਂ ਨੇ ਹਾਕੀ ਦੀ ਖੇਡ ਨੂੰ ਮੁੜ ਕੌਮੀ ਖੇਡ ਬਣਨ ਦੇ ਰਾਹ ਪਾ ਦਿੱਤਾ ਹੈ।

ਟੋਕੀਓ ਓਲੰਪਿਕਸ ਵਿੱਚ ਮੁੰਡਿਆਂ ਦੀ ਹਾਕੀ ਦੇ ਮੁਕਾਬਲਿਆਂ ਵਿੱਚ ਬੈਲਜੀਅਮ ਦੀ ਹਾਕੀ ਟੀਮ ਪਹਿਲੇ, ਅਸਟ੍ਰੇਲੀਆ ਦੀ ਦੂਜੇ, ਭਾਰਤ ਦੀ ਤੀਜੇ ਅਤੇ ਜਰਮਨੀ ਦੀ ਚੌਥੇ ਸਥਾਨ 'ਤੇ ਰਹੀ। ਮਹਿਲਾ ਹਾਕੀ ਵਿੱਚ ਨੀਦਰਲੈਂਡ ਪਹਿਲੇ, ਅਰਜਨਟੀਨ ਦੂਜੇ, ਬਰਤਾਨੀਆਂ ਤੀਜੇ ਅਤੇ ਭਾਰਤ



ਚੌਥੇ ਸਥਾਨ 'ਤੇ ਰਹੇ। ਹੁਣ ਤੱਕ ਹੋਏ 24 ਓਲੰਪਿਕ ਹਾਕੀ ਮੁਕਾਬਲਿਆਂ ਵਿੱਚ ਭਾਰਤ ਨੇ 8, ਪਾਕਿਸਤਾਨ, ਬਰਤਾਨੀਆਂ ਤੇ ਜਰਮਨੀ ਨੇ 3-3 , ਨੀਦਰਲੈਂਡ ਨੇ 2 ਅਤੇ ਅਸਟ੍ਰੇਲੀਆ, ਵੈਸਟ ਜਰਮਨੀ, ਅਰਜਨਟੀਨਾ, ਨਿਊਜ਼ੀਲੈਂਡ ਤੇ ਬੈਲਜੀਅਮ ਨੇ 1-1 ਗੋਲਡ ਮੈਡਲ ਜਿੱਤੇ ਹਨ। ਔਰਤਾਂ ਦੀ ਹਾਕੀ ਟੀਮਾਂ ਦੇ ਓਲੰਪਿਕ ਖੇਡਾਂ ਵਿੱਚ ਹੁਣ ਤੱਕ 11 ਮੁਕਾਬਲੇ ਹੋਏ ਹਨ। ਇਨ੍ਹਾਂ ਵਿੱਚੋਂ ਨਿਦਰਲੈਂਡ ਨੇ 4, ਅਸਟ੍ਰੇਲੀਆ ਨੇ 3, ਅਤੇ ਜਰਮਨੀ, ਬਰਤਾਨੀਆਂ, ਜਿੰਬਾਵੇ, ਤੇ ਸਪੇਨ ਨੇ 1-1 ਸੋਨ ਤਮਗਾ ਹਾਸਲ ਕੀਤਾ ਹੈ। ਭਾਰਤ ਦੀ ਮਹਿਲਾ ਹਾਕੀ ਟੀਮ ਪਹਿਲੀ ਵਾਰ ਓਲੰਪਿਕਸ ਮੁਕਾਬਲੇ ਵਿੱਚ ਸੈਮੀਫਾਈਨਲ ਵਿੱਚ ਖੇਡੀ ਹੈ ਅਤੇ ਖੂਬ ਖੇਡੀ ਹੈ। ਭਾਰਤ ਦੀਆਂ ਦੋਵੇਂ ਟੀਮਾਂ ਨੇ ਭਾਰਤੀਆਂ ਦਾ ਹਾਕੀ ਵਿੱਚ ਭਰੋਸਾ ਪੱਕਾ ਕਰ ਦਿੱਤਾ ਹੈ। ਇਸ ਤੋਂ ਆਉਂਦੇ ਸਾਲਾਂ ਵਿੱਚ ਵੱਡੀਆਂ ਉਮੀਦਾਂ ਰੱਖੀਆਂ ਜਾ ਸਕਦੀਆਂ ਹਨ। ਇਹ ਦੇ ਵਿੱਚ ਜਿੱਥੇ ਖਿਡਾਰੀਆਂ ਤੇ ਕੋਚਾਂ ਦੀ ਮਿਹਨਤ ਦਾ ਹੱਥ ਹੈ ਉੱਥੇ ਉੜੀਸਾ ਦੀ ਨਵੀਨ ਪਟਨਾਇਕ ਸਰਕਾਰ ਦਾ ਵੀ ਵਿਸ਼ੇਸ਼ ਯੋਗਦਾਨ ਹੈ।

✻ ✻ ✻ ✻ ✻

.....ਸਫਾ 16 ਦੀ ਬਾਕੀ

ਹੈ। ਉਸ ਨੇ ਕੁਸ਼ਤੀ ਦੇ ਦਰਜਣਾ ਹੀ ਕੌਮਾਂਤਰੀ ਤੇ ਅੰਤਰਰਾਸ਼ਟਰੀ ਐਵਾਰਡ ਜਿੱਤੇ ਹੋਏ ਹਨ। ਉਸ ਦੀਆਂ ਮਾਣਮੱਤੀਆਂ ਖੇਡ ਪ੍ਰਾਪਤੀਆਂ ਸਦਕਾ ਉਸ ਨੂੰ 2015 ਵਿੱਚ ਅਰਜੁਨ ਐਵਾਰਡ, 2019 ਵਿੱਚ ਪਦਮਸ਼੍ਰੀ ਐਵਾਰਡ ਅਤੇ ਰਜੀਵ ਗਾਂਧੀ ਖੇਡ ਰਤਨ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ ਹੈ।



# ਟੋਕੀਓ ਪੈਰਾਓਲੰਪਿਕਸ 2020 ਦੇ ਜੇਤੂ ਭਾਰਤੀ ਖਿਡਾਰੀ

ਰਵਿੰਦਰ ਸਿੰਘ ਮੁੰਦਰਾ
ਰੂਪਨਗਰ

ਇਹ ਵਿਸ਼ਵ ਪੱਧਰੀ ਖੇਡ ਮੁਕਾਬਲੇ ਅੰਗਹੀਣ ਖਿਡਾਰੀਆਂ ਲਈ ਕਰਵਾਏ ਜਾਂਦੇ ਹਨ। ਇਹ 1960 ਵਿੱਚ ਸ਼ੁਰੂ ਹੋਏ ਸਨ ਅਤੇ ਹਰ ਚਾਰ ਸਾਲ ਬਾਅਦ ਗਰਮੀਆਂ ਦੀਆਂ ਓਲੰਪਿਕਸ ਖੇਡਾਂ ਤੋਂ ਬਾਅਦ ਉਸੇ ਸਥਾਨ 'ਤੇ ਕਰਵਾਏ ਜਾਂਦੇ ਹਨ। ਭਾਰਤ ਨੇ ਇਨ੍ਹਾਂ ਮੁਕਾਬਲਿਆਂ ਵਿੱਚ 1968 ਤੋਂ ਭਾਗ ਲੈਣਾ ਸ਼ੁਰੂ ਕੀਤਾ ਸੀ। ਸਾਲ 2020 ਵਿੱਚ ਕਰਵਾਏ ਜਾਣ ਵਾਲੇ 16 ਵੇਂ ਓਲੰਪਿਕ ਮੁਕਾਬਲੇ ਕੋਵਿਡ ਲਾਗ ਦੀ ਦਹਿਸ਼ਤ ਕਰਨ 2021 ਵਿੱਚ 24 ਅਗਸਤ ਤੋਂ 5 ਸਿਤੰਬਰ ਤੱਕ ਟੋਕੀਓ ਵਿਖੇ ਕਰਵਾਏ ਗਏ ਹਨ। ਇਨ੍ਹਾਂ ਵਿੱਚ 159 ਮੁਲਕਾਂ ਦੇ 4520 ਖਿਡਾਰੀਆ ਨੇ 22 ਖੇਡਾਂ ਦੇ 539 ਮੁਕਾਬਲਿਆਂ ਵਿੱਚ ਭਾਗ ਲਿਆ। ਭਾਰਤ ਦੇ 54 ਖਿਡਾਰੀਆਂ ਨੇ 9 ਖੇਡਾਂ ਵਿੱਚ ਭਾਗ ਲਿਆ ਅਤੇ 17 ਖਿਡਾਰੀਆਂ ਨੇ 5 ਸੋਨ ਤਮਗੇ, 8 ਚਾਂਦੀ ਦੇ ਤਮਗੇ ਅਤੇ 6 ਕਾਂਸੀ ਦੇ ਕੁੱਲ 19 ਤਮਗੇ ਦੇਸ਼ ਦੀ ਝੋਲੀ ਪਾਏ ਹਨ। ਇਸ ਪ੍ਰਕਾਰ ਜਿਨ੍ਹਾਂ 78 ਦੇਸ਼ਾਂ ਨੇ ਇਹ ਇਨਾਮ ਹਾਸਲ ਕੀਤੇ ਹਨ ਉਨ੍ਹਾਂ ਵਿੱਚ ਭਾਰਤ 24ਵੇਂ ਸਥਾਨ 'ਤੇ ਆਇਆ ਹੈ। ਪਹਿਲੇ ਸਥਾਨ 'ਤੇ ਚੀਨ(207), ਦੂਜੇ 'ਤੇ ਬ੍ਰਿਟੇਨ(124), ਤੀਜੇ 'ਤੇ ਰੂਸ(118) ਅਤੇ ਚੌਥੇ 'ਤੇ ਯੂ.ਐਸ.ਏ(104)ਰਿਹਾ ਹੈ। ਉਂਜ ਭਾਰਤੀ ਖਿਡਾਰੀਆਂ ਦੀ ਕਰਗੁਜ਼ਾਰੀ ਪ੍ਰਸ਼ੰਸਾਯੋਗ ਹੈ ਕਿਉਂਕਿ ਇਸ ਵਾਰ ਪਹਿਲੇ ਸਾਰੇ ਪੈਰਾਓਲੰਪਿਕਸ ਮੁਕਾਬਲਿਆਂ ਨਾਲੋਂ ਵੱਧ ਤਮਗੇ ਨਸੀਬ ਹੋਏ ਹਨ। ਇਨ੍ਹਾਂ ਕਰਮਯੋਗੀ ਤੇ ਕੁਸ਼ਲ ਖਿਡਾਰੀਆਂ ਦੀ ਸੰਖੇਪ ਜਾਣਕਾਰੀ ਹੇਠ ਅਨੁਸਾਰ ਹੈ।



**ਅਵਾਨੀ ਲੇਖਾਰਾ–** ਰਾਜਿਸਥਾਨ ਸੂਬੇ ਦੀ ਇਸ 19 ਸਾਲਾ ਲੜਕੀ ਨੇ 10 ਮੀਟਰ ਸ਼ੂਟਿੰਗ ਮੁਕਾਬਲੇ ਵਿੱਚ **ਸੋਨ ਤਮਗਾ** ਅਤੇ 50 ਮੀਟਰ ਸ਼ੂਟਿੰਗ ਮੁਕਾਬਲੇ ਵਿੱਚ **ਕਾਂਸੀ ਤਮਗਾ** ਜਿੱਤ ਕੇ ਇੱਕ ਹੀ ਓਲੰਪਿਕ ਮੁਕਾਬਲੇ ਵਿੱਚ ਦੋ ਤਮਗੇ ਹਾਸਲ ਕਰਨ ਵਾਲੀ **ਪਹਿਲੀ ਭਾਰਤੀ ਮਹਿਲਾ** ਬਣਨ ਦਾ ਮਾਣ ਹਾਸਲ ਕੀਤਾ ਹੈ। ਜਦੋਂ ਉਹ ਅਜੇ ਦਸ ਸਾਲ ਦੀ ਹੀ ਸੀ ਕਿ ਇੱਕ ਕਾਰ ਦੁਰਘਟਨਾ ਵਿੱਚ ਉਸ ਦੀ ਰੀੜ੍ਹ ਦੀ ਹੱਡੀ ਵਿੱਚ ਨੁਕਸ ਪੈ ਗਿਆ। ਇਸ ਦੇ ਬਾਵਜੂਦ ਲੇਖਾਰਾ ਨੇ ਹੌਸਲਾ ਨਹੀਂ ਹਾਰਿਆ।



**ਸੁਮਿਤ ਅੰਤਿਲ–** ਹਰਿਆਣਾ ਸੂਬੇ ਦੇ ਜ਼ਿਲ੍ਹਾ ਸੋਨੀਪਤ ਦੇ ਪਿੰਡ ਖੇਵੜਾ ਦੇ 23 ਸਾਲਾ ਇਸ ਨੌਜਵਾਨ ਨੇ ਐਫ-64 ਵਰਗ ਅਧੀਨ ਪੁਰਸ਼ ਨੇਜ਼ਾ ਮੁਕਾਬਲੇ ਵਿੱਚ 68.55 ਮੀਟਰ ਦੂਰੀ 'ਤੇ ਨੇਜ਼ਾ ਸੁੱਟ ਕੇ **ਸੋਨ ਤਮਗਾ** ਹਾਸਲ ਕੀਤਾ ਅਤੇ **ਨਵਾਂ ਵਿਸ਼ਵ ਰਿਕਾਰਡ** ਸਥਾਪਿਤ ਕੀਤਾ ਹੈ। ਜਦੋਂ ਅੰਤਿਲ ਅਜੇ ਸੱਤ ਸਾਲ ਦਾ ਹੀ ਸੀ ਤਾਂ ਉਸ ਦੇ ਪਿਤਾ ਦੀ ਮੌਤ ਹੋ ਗਈ। ਉਸ ਦੀਆਂ ਤਿੰਨ ਭੈਣਾ ਹਨ। ਮਾਤਾ ਨੇ ਹੀ ਗਰੀਬੀ ਦੀ ਹਾਲਤ ਵਿੱਚ ਸਾਰੇ ਪਰਿਵਾਰ ਦਾ ਪਾਲਣ ਕੀਤਾ। ਜਦੋਂ ਉਹ 17 ਸਾਲ ਦਾ ਸੀ ਤਾਂ ਇੱਕ ਦੁਰਘਟਨਾ ਸਮੇਂ ਖੱਬੀ ਲੱਤ ਨੁਕਸਾਨੀ ਗਈ ਜਿਸ ਕਰ ਕੇ ਗੋਡੇ ਤੋਂ ਹੇਠਾਂ ਕੱਟਣੀ ਪਈ। ਉਹ ਇਸ ਸਮੇਂ ਦਿੱਲੀ ਵਿਖੇ ਇੱਕ ਕਾਲਜ ਵਿੱਚ ਬੀ.ਕਾਮ ਦੀ ਪੜ੍ਹਾਈ ਕਰ ਰਿਹਾ ਹੈ।



**ਮਨੀਸ਼ ਨਰਵਾਲ–** ਹਰਿਆਣਾ ਪ੍ਰਾਂਤ ਦੇ ਬਲਬਗੜ੍ਹ ਕਸਬੇ ਦਾ ਵਾਸੀ ਇਸ 19 ਸਾਲ ਦੇ ਅੰਗਹੀਣ ਖਿਡਾਰੀ ਨੇ ਮਿਕਸਡ 50 ਮੀਟਰ ਪਿਸਟਲ ਸ਼ੂਟਿੰਗ ਮੁਕਾਬਲੇ ਵਿੱਚ 218.2 ਅੰਕ ਹਾਸਲ ਕਰ ਕੇ **ਸੋਨ ਤਮਗਾ** ਜਿੱਤਿਆ ਹੈ। ਉਸ ਦਾ ਸੱਜਾ ਹੱਥ ਕੰਮ ਨਹੀਂ ਕਰਦਾ। ਉਹ ਅੰਤਰਰਾਸ਼ਟਰੀ ਪੱਧਰ ਦਾ ਖਿਡਾਰੀ ਅਤੇ ਅਰਜੁਨ ਐਵਾਰਡੀ ਹੈ।



**ਪ੍ਰਮੋਦ ਭਗਤ**–ਉੜੀਸਾ ਸੂਬੇ ਦੇ ਸ਼ਹਿਰ ਭੁਵਨੇਸ਼ਵਰ ਦੇ ਰਹਿਣ ਵਾਲੇ ਇਸ ਵਿਸ਼ਵ ਚੈਂਪੀਅਨ ਖਿਡਾਰੀ ਨੇ ਐਸ.ਐਲ 3 ਵਰਗ ਦੇ ਪੁਰਸ਼ ਬੈਡਮਿੰਟਨ ਮੁਕਾਬਲੇ ਵਿੱਚ **ਸੋਨ ਤਮਗਾ** ਹਾਸਲ ਕੀਤਾ ਹੈ। ਉਹ ਅਰਜੁਨ ਐਵਾਰਡੀ ਹੈ। ਜਦੋਂ ਉਹ ਅਜੇ ਪੰਜ ਸਾਲ ਦਾ ਸੀ ਤਾਂ ਉਸ ਦੀ ਖੱਬੀ ਲੱਤ ਵਿੱਚ ਗੰਭੀਰ ਨੁਕਸ ਪੈ ਗਿਆ ਸੀ।



**ਕ੍ਰਿਸ਼ਨਾ ਨਾਗਰ–** ਰਾਜਿਸਥਾਨ ਦੇ ਇਸ 22 ਸਾਲਾ ਖਿਡਾਰੀ ਨੇ ਬੈਡਮਿੰਟਨ ਖੇਡ ਮੁਕਾਬਲੇ ਵਿੱਚ **ਸੋਨ ਤਮਗਾ** ਜਿੱਤਿਆ ਹੈ। ਉਹ ਵਿਸ਼ਵ ਦਾ ਦੂਜੇ ਨੰਬਰ ਦਾ ਖਿਡਾਰੀ ਹੈ।



**ਭਾਵਨਾ ਪਟੇਲ–** ਗੁਜਰਾਤ ਦੇ ਜ਼ਿਲ੍ਹਾ ਮਹਿਸਾਨਾ ਦੇ ਪਿੰਡ ਸੁੰਧੀਆ ਦੀ ਜੰਮਪਲ ਇਸ ਅੰਗਹੀਣ ਖਿਡਾਰਨ ਨੇ ਮਹਿਲਾ ਸਿੰਗਲ ਟੇਬਲ ਟੈਨਿਸ ਮੁਕਾਬਲੇ ਵਿੱਚ **ਚਾਂਦੀ ਦਾ ਤਮਗਾ** ਹਾਸਲ ਕੀਤਾ ਹੈ। ਇਹ ਪੈਰਾਓਲੰਪਿਕਸ ਖੇਡਾਂ ਵਿੱਚ ਕਿਸੇ ਭਾਰਤੀ ਟੇਬਲ ਟੈਨਿਸ ਖਿਡਾਰੀ ਦਾ ਪਹਿਲਾ ਤਮਗਾ ਹੈ। ਉਸ ਦੀਆਂ ਦੋਵੇਂ

ਲੱਤਾਂ ਖਰਾਬ ਹਨ ਜਿਸ ਕਾਰਨ ਵੀਲ੍ਹ ਚੇਅਰ 'ਤੇ ਬੈਠ ਕੇ ਖੇਡਦੀ ਹੈ।



**ਨਿਸ਼ਾਦ ਕੁਮਾਰ**-ਹਿਮਾਚਲ ਪ੍ਰਦੇਸ਼ ਦੇ ਸ਼ਹਿਰ ਊਨਾ ਦੇ ਇਸ 22 ਸਾਲਾ ਨੌਜਵਾਨ ਨੇ 2.06 ਮੀਟਰ ਉੱਚੀ ਛਾਲ ਲਾ ਕੇ **ਚਾਂਦੀ ਤਮਗਾ** ਹਾਸਲ ਕੀਤਾ ਹੈ। ਉਹ ਇਸ ਸਮੇਂ ਹਿਮਾਚਲ ਯੂਨੀਵਰਸਿਟੀ ਵਿਖੇ ਉੱਚ ਸਿੱਖਿਆ ਪ੍ਰਾਪਤ ਕਰ ਰਿਹਾ ਹੈ। ਉਸ ਦਾ ਇੱਕ ਦੁਰਘਟਨਾ ਨਾਲ ਸੱਜਾ ਹੱਥ ਨਕਾਰਾ ਹੋ ਗਿਆ ਸੀ।



**ਯੋਗੇਸ਼ ਕਥੂਨੀਆਂ**- ਦਿੱਲੀ ਦੇ ਕਰੋੜੀਮੱਲ ਕਾਲਜ ਵਿੱਚ ਬੀ.ਕਾਮ ਸ਼੍ਰੇਣੀ ਦੇ ਇਸ 24 ਸਾਲ ਦੇ ਖਿਡਾਰੀ ਨੇ ਮਰਦਾਂ ਦੇ ਡਿਸਕਸ ਥਰੋਅ ਮੁਕਾਬਲੇ ਵਿੱਚ **ਚਾਂਦੀ ਦਾ ਤਮਗਾ** ਜਿੱਤਣ ਵਿੱਚ ਸਫਲਤਾ ਪਾਈ ਹੈ। ਉਸ ਨੇ 44.39 ਮੀਟਰ ਦੀ ਦੂਰੀ ਤੱਕ ਥਰੋਅ ਕੀਤੀ। ਉਹ ਇੱਕ ਫੌਜੀ ਦਾ ਬੇਟਾ ਹੈ। ਜਦੋਂ ਉਹ ਅਜੇ ਅੱਠ ਸਾਲ ਦਾ ਹੀ ਸੀ ਤਾਂ ਅਧਰੰਗ ਦੀ ਬਿਮਾਰੀ ਨਾਲ ਉਸ ਦੇ ਜੋੜਾਂ ਵਿੱਚ ਨੁਕਸ ਪੈ ਗਿਆ ਸੀ। ਉਹ ਇੱਕ ਗਰੀਬ ਪਰਿਵਾਰ ਦਾ ਬੇਟਾ ਹੈ ਜਿਸ ਕਾਰਨ ਕਿਸੇ ਸਿਖਲਾਈਯਾਫਤਾ ਕੋਚ ਦੀ ਅਗਵਾਈ ਤੋਂ ਹੀ ਬਿਨਾਂ ਹੀ ਇਹ ਕਾਮਯਾਬੀ ਹਾਸਲ ਕੀਤੀ ਹੈ।



**ਦੇਵਿੰਦਰ ਝਾਂਜੜੀਆ**–ਰਾਜਿਸਥਾਨ ਦੇ ਜ਼ਿਲ੍ਹਾ ਚੁਰੂ ਦਾ ਇਸ ਖਿਡਾਰੀ ਨੇ 63.97 ਮੀਟਰ ਤੱਕ ਨੇਜਾ ਸੁੱਟ ਕੇ ਪੁਰਸ਼ਾਂ ਦੇ ਮੁਕਾਬਲੇ ਵਿੱਚ **ਚਾਂਦੀ ਦਾ ਤਮਗਾ** ਹਾਸਲ ਕੀਤਾ ਹੈ। ਉਸ ਨੇ ਪਹਿਲਾਂ 2016 ਦੇ ਰਿਓ ਪੈਰਾਓਲੰਪਿਕਸ ਅਤੇ 2004 ਦੇ ਏਥਨਜ਼ ਪੈਰਾਓਲੰਪਿਕਸ ਮੁਕਾਬਲਿਆਂ ਵਿੱਚ ਸੋਨ ਤਮਗੇ ਜਿੱਤੇ ਹੋਏ ਹਨ। ਇਹ ਰਿਕਾਰਡ ਸਥਾਪਿਤ ਕਰਨ ਵਾਲਾ ਉਹ ਪਹਿਲਾ ਭਾਰਤੀ ਹੈ। ਇਸ ਨਾਲ ਉਹ ਜੋਗਿੰਦਰ ਸਿੰਘ ਬੇਦੀ ਦੇ ਬਰਾਬਰ ਆ ਗਿਆ ਹੈ ਜਿਸ ਨੇ 2ਤਾਂਬੇ ਦੇ ਅਤੇ 1 ਚਾਂਦੀ ਦਾ ਤਮਗਾ ਲਿਆ ਸੀ। ਉਸ ਦਾ ਇੱਕ ਹੱਥ ਨਕਾਰਾ ਹੈ। ਉਹ ਅਰਜੁਨ ਐਵਾਰਡ, ਪਦਮ ਸ਼੍ਰੀ ਅਤੇ ਖੇਡ ਰਤਨ ਐਵਾਰਡਾਂ ਨਾਲ ਸਨਮਾਨਿਤ ਹੋ ਚੁੱਕਾ ਹੈ।



**ਮਰਿਅੱਪਨ ਥੰਗਾਵੇਲੂ**–ਤਾਮਿਲਨਾਡੂ ਪ੍ਰਾਂਤ ਨਾਲ ਸਬੰਧਿਤ ਇਸ ਖਿਡਾਰੀ ਨੇ ਪੁਰਸ਼ਾਂ ਦੇ ਉੱਚੀ ਛਾਲ ਮੁਕਾਬਲੇ ਵਿੱਚ 1.86 ਮੀਟਰ ਉੱਚੀ ਛਾਲ ਲਗਾ ਕੇ **ਚਾਂਦੀ ਤਮਗਾ** ਜਿੱਤਿਆ ਹੈ। ਉਹ ਜਦੋਂ ਪੰਜ ਸਾਲ ਦਾ ਸੀ ਤਾਂ ਇੱਕ ਦੁਰਘਟਨਾ ਨਾਲ ਸੱਜੀ ਲੱਤ ਕੱਟੀ ਗਈ। ਫਿਰ ਉਸ ਦਾ ਪਿਤਾ ਆਪਣੇ ਪਰਿਵਾਰ ਨੂੰ ਛੱਡ ਗਿਆ। ਉਸ ਦੀ ਮਾਂ ਨੇ ਸਬਜ਼ੀ ਵੇਚ ਕੇ ਕੀਤੀ ਕਮਾਈ ਨਾਲ ਹੀ ਪੁੱਤਰ ਨੂੰ ਪਾਲਿਆ। ਮਰਿਅੱਪਨ ਨੇ ਹਾਲਾਤ ਦਾ ਡਟ ਕੇ ਮੁਕਾਬਲਾ ਕੀਤਾ। ਉਸ ਨੇ ਪਹਿਲਾਂ ਰੀਓ ਪੈਰਾਓਲੰਪਿਕਸ 2016 ਵਿੱਚ ਸੋਨ ਤਮਗਾ ਹਾਸਲ ਕੀਤਾ ਸੀ।



**ਪ੍ਰਵੀਨ ਕੁਮਾਰ**-ਉੱਤਰ ਪ੍ਰਦੇਸ਼ ਦੇ ਸ਼ਹਿਰ ਨੋਇਡਾ ਦੇ ਵਾਸੀ ਇਸ 18 ਸਾਲ ਉਮਰ ਦੇ ਖਿਡਾਰੀ ਨੇ ਆਪਣੀ ਇੱਕ ਲੱਤ ਨਕਾਰਾ ਹੋਣ ਦੇ ਬਾਵਜੂਦ ਪੁਰਸ਼ਾਂ ਦੇ ਉੱਚੀ ਛਾਲ ਲਗਾਉਣ ਦੇ ਮੁਕਾਬਲੇ ਵਿੱਚ **ਚਾਂਦੀ ਤਮਗਾ** ਜਿੱਤਿਆ ਹੈ। ਉਸ ਨੇ 2.07 ਮੀਟਰ ਉੱਚੀ ਛਾਲ ਲਗਾਈ। ਪ੍ਰਵੀਨ ਦਿੱਲੀ ਵਿਖੇ ਮੋਤੀ ਲਾਲ ਨਹਿਰੂ ਕਾਲਜ ਵਿੱਚ ਪੜ੍ਹਦਾ ਹੈ।



**ਸਿੰਘਰਾਜ ਅਧਾਨਾ**– ਹਰਿਆਣਾ ਸੂਬੇ ਦੇ ਸ਼ਹਿਰ ਬੱਲਬਗੜ੍ਹ ਨੇੜੇ ਪੈਂਦੇ ਪਿੰਡ ਊਂਚਾ ਦੇ ਕਿਸਾਨੀ ਪਰਿਵਾਰ ਦੇ ਇਸ 39 ਸਾਲ ਦੇ ਖਿਡਾਰੀ ਨੇ ਆਪਣੀ ਖੇਡ ਜ਼ਿੰਦਗੀ ਦੇ ਆਰੰਭ ਵਿੱਚ ਹੀ ਦੋ ਤਮਗੇ ਹਾਸਲ ਕਰ ਕੇ ਕ੍ਰਿਸ਼ਮਾ ਕਰ ਦਿਖਾਇਆ ਹੈ। ਉਸ ਨੇ ਪੁਰਸ਼ਾਂ ਦੇ 10 ਮੀਟਰ ਪਿਸਟਲ ਸ਼ੂਟਿੰਗ ਮੁਕਾਬਲੇ ਵਿੱਚ 216.8 ਅੰਕ ਲੈ ਕੇ **ਕਾਂਸੀ ਦਾ ਤਮਗਾ** ਅਤੇ 50 ਮੀਟਰ ਦੇ ਮੁਕਾਬਲੇ ਵਿੱਚ **ਚਾਂਦੀ ਦਾ ਤਮਗਾ** ਜਿੱਤਿਆ ਹੈ। ਟੋਕੀਓ ਓਲੰਪਿਕਸ ਵਿੱਚ ਆਉਣ ਤੋਂ ਪਹਿਲਾਂ ਉਸ ਨੂੰ ਕੋਵਿਡ19 ਬਿਮਾਰੀ ਨੇ ਘੇਰ ਲਿਆ ਜਿਸ ਕਾਰਨ ਘਰ ਵਿੱਚ ਹੀ ਸ਼ੂਟਿੰਗ ਰੇਂਜ ਬਣਾ ਕੇ ਪ੍ਰੈਕਟਿਸ ਕਰਨੀ ਪਈ।



**ਸੁੰਦਰ ਸਿੰਘ ਗੁਰਜਰ**– ਰਾਜਿਸਥਾਨ ਦੇ ਜ਼ਿਲ੍ਹਾ ਜੈਪੁਰ ਵਿੱਚ ਪੈਂਦੇ ਪਿੰਡ ਕਰੋਲੀ ਦੇ ਇਸ 25 ਸਾਲਾ ਅਰਜੁਨ ਐਵਾਰਡੀ ਨੇ ਮਰਦਾਂ ਦੇ ਨੇਜ਼ਾ ਸੁੱਟ ਮੁਕਾਬਲੇ ਵਿੱਚ **ਤਾਂਬੇ ਦਾ ਤਮਗਾ** ਪ੍ਰਾਪਤ ਕੀਤਾ ਹੈ। ਉਸ ਦਾ ਇੱਕ ਹੱਥ ਨਹੀਂ ਹੈ। ਸੁੰਦਰ ਸਿੰਘ ਨੇ ਮਹਾਂਵੀਰ ਪ੍ਰਸ਼ਾਦ ਸੈਨੀ ਕੋਚ ਦੀ ਅਗਵਾਈ ਹੇਠ ਸਿਖਲਾਈ ਲਈ। ਉਹ ਦੋ ਵਾਰ ਵਿਸ਼ਵ ਚੈਂਪੀਅਨ ਰਹਿ ਚੁਕਾ ਹੈ।



**ਸ਼ਰਦ ਕੁਮਾਰ**– ਬਿਹਾਰ ਪ੍ਰਾਂਤ ਦੇ ਸ਼ਹਿਰ ਮੁਜ਼ਫਰਪੁਰ ਦੇ ਵਸਨੀਕ ਇਸ ਐਥਲੀਟ ਨੇ ਪੁਰਸ਼ਾਂ ਦੇ ਟੀ 63 ਵਰਗ ਵਿੱਚ 1.83 ਮੀਟਰ ਉੱਚੀ ਛਾਲ ਲਗਾ ਕੇ **ਕਾਂਸੀ ਤਮਗਾ** ਜਿੱਤਿਆ ਹੈ। ਉਹ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਦਾ ਰਾਜਨੀਤੀ ਸ਼ਾਸਤਰ ਦਾ ਪੋਸਟ ਗ੍ਰੈਜੂਏਟ

ਹੈ। ਉਸ ਨੂੰ ਦੋ ਸਾਲ ਦੀ ਉਮਰ ਵਿੱਚ ਹੀ ਅਧਰੰਗ ਹੋ ਗਿਆ ਸੀ ਜਿਸ ਨਾਲ ਉਸ ਦੀ ਖੱਬੀ ਲੱਤ ਮਾਰੀ ਗਈ ਸੀ।



**ਹਰਵਿੰਦਰ ਸਿੰਘ**–ਹਰਿਆਣਾ ਦੇ ਕੈਥਲ ਲਾਗੇ ਪੈਂਦੇ ਪਿੰਡ ਗੁਜਲਾ ਚੀਕਾ ਦੇ ਕਿਸਾਨੀ ਪਰਿਵਾਰ ਨਾਲ ਸਬੰਧਿਤ ਇਸ 31 ਸਾਲ ਦੇ ਖਿਡਾਰੀ ਨੇ ਤੀਰ ਅੰਦਾਜ਼ੀ ਮੁਕਾਬਲੇ ਵਿੱਚ **ਕਾਂਸੀ ਤਮਗਾ** ਲਿਆ ਹੈ। ਉਹ ਟੋਕੀਓ ਓਲੰਪਿਕਸ ਦਾ ਇੱਕੋਇੱਕ ਪਗੜੀਧਾਰੀ ਸਿੱਖ ਜੇਤੂ ਖਿਡਾਰੀ ਹੈ। ਉਹ ਤੀਰਅਦਾਜ਼ੀ ਵਿੱਚ ਤਮਗਾ ਲੈਣ ਵਾਲਾ ਪਹਿਲਾ ਭਾਰਤੀ ਖਿਡਾਰੀ ਹੈ। ਬਚਪਨ ਵਿੱਚ ਹੀ ਡੇਂਗੂ ਬੁਖਾਰ ਕਾਰਨ ਉਸ ਦੀਆਂ ਦੋਵੇਂ ਲੱਤਾਂ ਨਕਾਰਾ ਹੋ ਗਈਆਂ ਸਨ।



**ਮਨੋਜ ਸਰਕਾਰ**– ਉੱਤਰਾਖੰਡ ਦੇ ਰੁਦਰਪੁਰ ਸ਼ਹਿਰ ਵਿੱਚ ਜੰਮੇਪਲੇ ਇਸ ਅੰਗਹੀਣ ਖਿਡਾਰੀ ਨੇ ਪੁਰਸ਼ਾਂ ਦੇ ਬੈਡਮਿੰਟਨ ਸਿੰਗਲਜ਼ ਮੁਕਾਬਲੇ ਵਿੱਚ **ਕਾਂਸੀ ਤਮਗਾ** ਜਿੱਤਿਆ ਹੈ। ਉਹ ਅੰਤਰਰਾਸ਼ਟਰੀ ਪੱਧਰ ਦਾ ਅਰਜੁਨ ਐਵਾਰਡ ਪ੍ਰਾਪਤ ਖਿਡਾਰੀ ਹੈ। ਉਸ ਦੀ ਲੱਤ ਦਾ ਨਿਚਲਾ ਭਾਗ ਬਚਪਨ ਤੋਂ ਹੀ ਨਕਾਰਾ ਹੈ।



**ਸੁਹਾਸ ਯਥੀਰਾਜ**–ਕਰਨਾਟਕ ਦੇ ਕਸਬਾ ਹਸਨ ਦੇ ਜੰਮਪਲ ਇਸ 38 ਸਾਲ ਦੇ ਆਈ.ਏ.ਐਸ ਅਧਿਕਾਰੀ ਨੇ ਬੈਡਮਿੰਟਨ ਮੁਕਾਬਲੇ ਵਿੱਚ ਚਾਂਦੀ ਦਾ ਤਮਗਾ ਹਾਸਲ ਕੀਤਾ ਹੈ। ਉਹ ਵਿਸ਼ਵ ਦਾ ਨੰਬਰ 2 ਦਾ ਖਿਡਾਰੀ ਹੈ। ਉਹ ਇਸ ਸਮੇਂ ਨੋਇਡਾ ਜ਼ਿਲ੍ਹੇ ਦਾ ਜ਼ਿਲ੍ਹਾ ਮੈਜਿਸਟਰੇਟ ਹੈ। ਉਸ ਦੇ ਇੱਕ ਪੈਰ ਦਾ ਗਿੱਟਾ ਨਕਾਰਾ ਹੈ ਜਿਸ ਕਰ ਕੇ ਤੇਜ਼ੀ ਨਾਲ ਘੁੰਮਣਾ ਮੁਸ਼ਕਲ ਹੋ ਜਾਂਦਾ ਹੈ। ਉਹ ਪੈਰਾਓਲੰਪਿਕ ਮੁਕਾਬਲੇ ਵਿੱਚ ਤਮਗਾ ਲੈਣ ਵਾਲਾ ਪਹਿਲਾ ਆਈ.ਏ.ਐਸ ਅਧਿਕਾਰੀ ਹੈ।

❋ ❋ ❋ ❋ ❋

## ਸ਼ਹੀਦੇ ਆਜ਼ਮ ਸ. ਭਗਤ ਸਿੰਘ ਜੀ ਦੇ 114ਵੇਂ (28 ਸਤੰਬਰ) ਜਨਮ ਦਿਨ ਦੀ ਵਧਾਈ



ਲਿਖ ਰਹਾ ਹੂੰ ਮੈਂ ਅੰਜਾਮ
ਜਿਸਕਾ ਕੱਲ੍ਹ ਆਗਾਜ਼ ਆਏਗਾ।
ਮੇਰੇ ਲਹੂ ਕਾ ਹਰ ਏਕ ਕਤਰਾ
ਇਨਕਲਾਬ ਲਾਏਗਾ।
ਮੈਂ ਰਹੂੰ ਯਾ ਨਾ ਰਹੂੰ ਪਰ ਯੇ ਵਾਅਦਾ
ਹੈ ਤੁਮਸੇ ਮੇਰਾ, ਕਿ ਮੇਰੇ ਬਾਅਦ
ਵਤਨ ਪੇ ਮਰਨੇ ਵਾਲੋਂ ਦਾ ਸੈਲਾਬ
ਆਏਗਾ।

## ਤਮਗੇ ਤੋਂ ਖੁੰਝੇ ਜਾਂਬਾਜ਼ ਖਿਡਾਰੀ



- ਭਾਰਤੀ ਮਹਿਲਾ ਹਾਕੀ ਟੀਮ ਆਪਣੇ ਸਰਵੋਤਮ ਖੇਡ ਦੇ ਬਾਵਜੂਦ ਕੁਆਰਟਰ ਫਾਈਨਲ ਵਿੱਚ ਜਰਮਨੀ ਦੀ ਟੀਮ ਤੋਂ ਹਾਰ ਕੇ ਚੌਥੇ ਸਥਾਨ 'ਤੇ ਰਹੀ। ਤਮਗਾ ਨਾ ਲੈ ਸਕਣ ਦੇ ਬਾਵਜੂਦ ਖਿਡਾਰਨਾ ਨੇ ਭਾਰਤ ਦਾ ਨਾਮ ਵਿਸ਼ਵ ਵਿੱਚ ਚਮਕਾ ਦਿੱਤਾ।



- ਬੰਗਲੌਰ ਦੀ ਜਨਮੀ 23 ਸਾਲ ਦੀ ਗੌਲਫਰ ਖਿਡਾਰਨ ਅਦਿਤੀ ਅਸ਼ੋਕ ਨੇ ਖੇਡ ਦੇ ਆਖਰੀ ਪੜਾਅ 'ਤੇ ਆ ਕੇ ਤਮਗਾ ਹਾਸਲ ਕਰਨ ਦਾ ਮੌਕਾ ਖੁੰਝਾ ਦਿੱਤਾ। ਉਹ ਚੌਥੇ ਸਥਾਨ 'ਤੇ ਰਹੀ। ਉਸ ਨੇ 2016 ਦੀਆਂ ਓਲੰਪਿਕਸ ਖੇਡਾਂ ਵਿੱਚ ਵੀ ਭਾਗ ਲਿਆ ਸੀ। ਉਹ ਓਲੰਪਿਕਸ ਦੇ ਗੌਲਫਰ ਮੁਕਾਬਲੇ ਵਿੱਚ ਭਾਗ ਲੈਣ ਵਾਲੀ ਪਹਿਲੀ ਭਾਰਤੀ ਔਰਤ ਹੈ।

## ਵਧਾਈਆਂ



- ਰੂਪਨਗਰ ਜ਼ਿਲ੍ਹੇ ਦੇ ਪਿੰਡ ਲਾਲਪੁਰਾ ਦੇ ਜੰਮਪਲ ਸੇਵਾਮੁਕਤ ਆਈ.ਪੀ.ਐਸ ਅਫਸਰ ਸ. ਇਕਬਾਲ ਸਿੰਘ ਲਾਲਪੁਰੀ ਭਾਰਤ ਦੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨਿਯੁਕਤ ਕੀਤੇ ਗਏ ਹਨ। ਆਪ ਇੱਕ ਸਿੱਖ ਵਿਦਵਾਨ ਅਤੇ ਧਾਰਮਿਕ ਪੁਸਤਕਾਂ ਦੇ ਲਿਖਾਰੀ ਵਜੋਂ ਪ੍ਰਸਿੱਧ ਹਨ। ਆਪ ਸੈਣੀ ਭਵਨ ਰੂਪਨਗਰ ਦੇ ਹਿਤੈਸ਼ੀ ਤੇ ਮਦਦਗਾਰ ਹਨ। ਸੈਣੀ ਭਵਨ ਦੇ ਪ੍ਰਬੰਧਕ ਆਪ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਹਾਰਦਿਕ ਵਧਾਈ ਦਿੰਦੇ ਹਨ। ਸਾਰੀ ਸੈਣੀ ਬਰਾਦਰੀ ਨੂੰ ਆਪ 'ਤੇ ਬਹੁਤ ਮਾਣ ਹੈ।



- ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਸ. ਕਮਲਦੀਪ ਸਿੰਘ ਸੈਣੀ ਰਾਸ਼ਟਰੀ ਸਹਿਕਾਰੀ ਖੇਤੀਬਾੜੀ ਤੇ ਪੇਂਡੂ ਵਿਕਾਸ ਬੈਂਕ ਫੈਡਰੇਸ਼ਨ ਦੇ ਉੱਪਚੇਅਰਮੈਨ ਸਰਬਸੰਮਤੀ ਨਾਲ ਚੁਣੇ ਗਏ ਹਨ। ਇਸ ਨਾਲ ਸੈਣੀ ਬਰਾਦਰੀ ਦਾ ਨਾਂ ਉੱਚਾ ਹੋਇਆ ਹੈ। ਸੰਨ 1960 ਵਿੱਚ ਸਥਾਪਿਤ ਹੋਈ ਇਸ ਫੈਡਰੇਸ਼ਨ ਦੇ ਭਾਰਤ ਦੇ 16 ਰਾਜ ਮੈਂਬਰ ਹਨ। ਸ. ਕਮਲਦੀਪ ਸਿੰਘ ਸੈਣੀ ਭਵਨ ਰੂਪਨਗਰ ਨਾਲ ਕਾਫੀ ਸਮੇਂ ਤੋਂ ਜੁੜੇ ਹੋਏ ਹਨ। ਸਾਰੀ ਸੈਣੀ ਬਰਾਦਰੀ ਨੂੰ ਆਪ ਨੂੰ ਇਹ ਪਦਵੀ ਮਿਲਣ 'ਤੇ ਬਹੁਤ ਖੁਸ਼ੀ ਹੋਈ ਹੈ। ਆਪ ਨੂੰ ਇਸ ਪ੍ਰਾਪਤੀ 'ਤੇ ਬਹੁਤ ਬਹੁਤ ਵਧਾਈ।

ਮਾਣਮੱਤੀਆਂ ਸੈਣੀ ਸਖਸ਼ੀਅਤਾਂ

# ਸੈਣੀ ਓਲੰਪਿਅਨ ਖਿਡਾਰੀ

ਡਾ. ਅਜਮੇਰ ਸਿੰਘ
ਰੂਪਨਗਰ



ਸੈਣੀ ਬਰਾਦਰੀ ਨੇ ਆਪਣੇ ਸੀਮਿਤ ਆਰਥਿਕ ਸਰੋਤਾਂ ਦੇ ਹੁੰਦਿਆਂ ਵੀ ਹਰ ਖੇਤਰ ਵਿੱਚ ਮਾਹਰਕੇਬਾਜੀ ਦਿਖਾਈ ਹੈ। ਖੇਡ ਖੇਤਰ ਵਿੱਚ ਵੀ ਇਨ੍ਹਾਂ ਨੇ ਮਾਣਯੋਗ ਸਫਲਤਾਵਾਂ ਹਾਸਲ ਕੀਤੀਆਂ ਹਨ। ਵਿਸ਼ਵ ਦੇ ਸਭ ਤੋਂ ਵੱਡੇ ਖੇਡ ਮਹਾਂਕੁੰਭ, ਓਲੰਪਿਕਸ ਮੁਕਾਬਲਿਆਂ ਵਿੱਚ ਵੀ ਸੈਣੀ ਬਰਾਦਰੀ ਦੇ ਨੌਜਵਾਨਾਂ ਦਾ ਸ਼ਲਾਘਾਯੋਗ ਯੋਗਦਾਨ ਹੈ। ਇਨ੍ਹਾਂ ਖੇਡ ਯੋਧਿਆਂ ਵਿੱਚੋਂ ਕੁੱਝ ਹੇਠ ਲਿਖੇ ਹਨ।

## ਹਾਕੀ ਕਪਤਾਨ ਰੂਪਾ ਸੈਣੀ :-

ਭਾਰਤੀ ਮਹਿਲਾ ਹਾਕੀ ਦੇ ਇਤਿਹਾਸ ਵਿੱਚ ਸੈਣੀ ਭੈਣਾਂ ਦਾ ਨਾਮ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ। ਇੱਕੋ ਸਮੇਂ ਤਿੰਨ ਭੈਣਾ-ਪ੍ਰੇਮਾ, ਰੂਪਾ ਤੇ ਕ੍ਰਿਸ਼ਨਾ ਹਾਕੀ ਟੀਮ ਦਾ ਸ਼ਿੰਗਾਰ ਰਹੀਆਂ ਹਨ। ਰੂਪਾ ਸੈਣੀ 1980 ਦੀਆਂ ਮਾਸਕੋ ਓਲੰਪਿਕਸ ਵਿੱਚ ਮਹਿਲਾ ਹਾਕੀ ਟੀਮ ਦੀ ਕਪਤਾਨ ਸੀ। ਇਹ ਪਹਿਲਾ ਮੌਕਾ ਸੀ ਜਦੋਂ ਭਾਰਤੀ ਮਹਿਲਾ ਹਾਕੀ ਟੀਮ ਨੂੰ ਓਲੰਪਿਕਸ ਮੁਕਾਬਲਿਆਂ ਵਿੱਚ ਥਾਂ ਮਿਲੀ ਸੀ। ਇਸ ਓਲੰਪਿਕਸ ਮੁਕਾਬਲੇ ਵਿੱਚ ਭਾਰਤੀ ਮਹਿਲਾ ਹਾਕੀ ਟੀਮ ਨੂੰ ਚੌਥਾ ਸਥਾਨ ਮਿਲਿਆ। ਇਸ ਤੋਂ ਬਾਅਦ ਇਸ ਮੁਕਾਬਲੇ ਵਿੱਚ ਭਾਰਤੀ ਟੀਮ ਨੂੰ ਕੋਈ ਸਥਾਨ ਨਹੀਂ ਮਿਲਿਆ। ਹੁਣ 2021 ਦੀਆਂ ਟੋਕੀਓ ਓਲੰਪਿਕਸ ਵਿੱਚ ਭਾਰਤੀ ਹਾਕੀ ਟੀਮ ਨੇ ਚੌਥਾ ਸਥਾਨ ਹਾਸਲ ਕੀਤਾ ਹੈ।



ਫਰੀਦਕੋਟ ਵਿਖੇ ਬਰਜਿੰਦਰਾ ਸਰਕਾਰੀ ਕਾਲਜ ਵਿੱਚ ਸੇਵਾਦਾਰ ਦੀ ਨੌਕਰੀ ਕਰ ਦੇ ਪਿਤਾ ਦੇ ਘਰ 2 ਸਤੰਬਰ, 1954 ਨੂੰ ਜਨਮੀ ਰੂਪਾ ਨੇ ਕਾਲਜ ਵਿੱਚ ਆਪਣੇ ਰਿਹਾਇਸ਼ੀ ਕੁਆਰਟਰ ਸਾਹਮਣੇ ਘਾਹ ਦੇ ਮੈਦਾਨ ਵਿੱਚ ਖੇਡਣਾ ਸ਼ੁਰੂ ਕਰ ਕੇ, ਯੂਨੀਵਰਸਿਟੀ , ਏਸ਼ੀਆਈ, ਰਾਸ਼ਟਰਮੰਡਲ ਖੇਡਾਂ ਅਤੇ ਵਿਸ਼ਵ ਚੈਂਪੀਅਨ ਜਿਹੇ ਹਾਕੀ ਮੁਕਾਬਲਿਆਂ ਵਿੱਚ ਭਾਗ ਲਿਆ। ਉਸ ਨੇ ਸਰੀਰਕ ਸਿੱਖਿਆ ਵਿਸ਼ੇ ਵਿੱਚ ਪੋਸਟ ਗ੍ਰੈਜੂਏਸ਼ਨ ਅਤੇ ਪੀ.ਐਚ.ਡੀ ਕੀਤੀ। ਉਹ ਸਰਕਾਰੀ ਕਾਲਜਾਂ ਵਿੱਚ ਪ੍ਰੋਫੈਸਰ ਅਤੇ ਪ੍ਰਿੰਸੀਪਲ ਰਹੇ। ਉਹ ਕੁੱਝ ਸਮਾਂ ਪੰਜਾਬ ਦੇ ਸਿੱਖਿਆ ਵਿਭਾਗ ਵਿੱਚ ਡਿਪਟੀ ਡਾਇਰੈਕਰਟ ਦੇ ਅਹੁਦੇ 'ਤੇ ਵੀ ਤਾਇਨਾਤ ਰਹੇ। ਉਸ ਨੇ ਆਪਣੀ ਖੇਡ ਪ੍ਰਤਿਭਾ ਸਦਕਾ ਕਾਲਜ ਕਲਰ, ਯੂਨੀਵਰਸਿਟੀ ਕਲਰ, ਮਹਾਰਾਜਾ ਰਣਜੀਤ ਸਿੰਘ ਐਵਾਰਡ, ਨਿਸ਼ਾਨੇ-ਖਾਲਸਾ, ਗਰੇਟ ਡਾਟਰਜ਼ ਆਫ ਇੰਡੀਆ ਅਤੇ ਅਰਜੁਨ ਐਵਾਰਡ ਜਿਹੇ ਖੇਡ ਸਨਮਾਨ ਹਾਸਲ ਕੀਤੇ। ਉਹ ਸਰਕਾਰੀ ਸੇਵਾ ਤੋਂ ਮੁਕਤੀ ਉਪਰੰਤ ਪਟਿਆਲਾ ਵਿਖੇ ਸੁਖੀ ਪਰਿਵਾਰਕ ਜੀਵਨ ਬਤੀਤ ਕਰ ਰਹੀ ਹੈ। ਰੂਪਾ ਸੈਣੀ ਨਾ ਕੇਵਲ ਸੈਣੀ ਬਰਾਦਰੀ ਅਤੇ ਦੇਸ਼ ਦੀਆਂ ਧੀਆਂ ਲਈ ਪ੍ਰੇਰਨਾਸਰੋਤ ਹੈ ਸਗੋਂ ਖੇਡ ਸੰਸਾਰ ਦਾ ਅਮੋਲਕ ਹੀਰਾ ਹਨ।

## ਧਰਮਵੀਰ ਸਿੰਘ

ਰੂਪਨਗਰ ਸ਼ਹਿਰ ਦੇ ਨਾਲ ਲਗਦੇ ਪਿੰਡ ਖੈਰਾਬਾਦ ਵਿੱਚ ਸ.ਸੁਖਦੇਵ ਸਿੰਘ ਸੈਣੀ ਦੇ ਘਰ 5 ਅਗਸਤ, 1990 ਨੂੰ ਜਨਮੇ ਇਸ ਹਾਕੀ ਨੇ ਖਿਡਾਰੀ ਨੇ 2012 ਦੀਆਂ ਲੰਡਨ ਓਲੰਪਿਕਸ ਦੇ ਹਾਕੀ ਮੁਕਾਬਲਿਆਂ ਵਿੱਚ ਭਾਰਤੀ ਹਾਕੀ ਵਿੱਚ ਖੇਡਦਿਆਂ ਆਖਰੀ ਮੈਚ ਵਿੱਚ ਸਭ ਤੋਂ ਵੱਧ ਗੋਲ ਕਰਨ ਦਾ ਮਾਣ ਖੱਟਿਆ ਸੀ। ਉਹ 2014 ਵਿੱਚ ਹੋਈਆਂ ਕਾਮਨਵੈਲਥ ਗੇਮਾਂ ਸਮੇਂ ਵੀ ਭਾਰਤੀ ਹਾਕੀ ਟੀਮ ਵਿੱਚ ਸ਼ਾਮਿਲ ਸੀ ਜਿਸ ਸਮੇਂ ਚਾਂਦੀ ਦਾ ਤਮਗਾ ਹਾਸਲ ਹੋਇਆ ਸੀ। ਉਸ ਨੇ ਰੋਪੜ ਦੀ ਦਸਮੇਸ਼ ਹਾਕੀ ਅਕੈਡਮੀ ਅਤੇ ਚੰਡੀਗੜ੍ਹ ਹਾਕੀ ਅਕੈਡਮੀ ਵਿੱਚ ਸਿਖਲਾਈ ਪ੍ਰਾਪਤ ਕੀਤੀ ਅਤੇ ਹਰਿੰਦਰ ਸਿੰਘ ਤੇ ਮਾਈਸ਼ਲ ਨੌਬ ਜਿਹੇ ਅੰਤਰਰਾਸ਼ਟਰੀ ਕੋਚਾਂ ਦੀ ਅਗਵਾਈ ਵਿੱਚ ਆਪਣੀ ਖੇਡ ਪ੍ਰਤਿਭਾ ਨੂੰ ਨਿਖਾਰਿਆ। ਉਹ ਇਸ ਸਮੇਂ ਪੰਜਾਬ ਪੁਲਿਸ ਵਿਭਾਗ ਵਿੱਚ ਡੀ.ਐਸ.ਪੀ ਅਹੁਦੇ 'ਤੇ ਤਾਇਨਾਤ ਹਨ।



## ਬਲਜੀਤ ਸਿੰਘ ਸੈਣੀ

ਰੂਪਨਗਰ ਜ਼ਿਲ੍ਹੇ ਦੇ ਪਿੰਡ ਲੋਹਗੜ੍ਹ ਫਿੱਡੇ ਦੇ ਪਿਛੋਕੜ ਵਾਲੇ ਸੈਣੀ ਪਰਿਵਾਰ ਦੇ ਘਰ ਕਲਕੱਤਾ ਵਿਖੇ 12 ਅਗਸਤ,1976 ਨੂੰ ਜਨਮਿਆ ਇਹ ਹਾਕੀ ਦਾ ਕਾਮਯਾਬ ਡੀਫੈਂਡਰ ਤੇ ਮਿਡਫੀਲਡਰ ਹੈ। ਉਸ ਨੇ 1994 ਤੱਕ ਬੰਗਾਲ ਰਾਜ ਦੀ ਹਾਕੀ ਟੀਮ ਵਿੱਚ ਖੇਡਦਿਆਂ ਦਰਜਣਾ ਇਨਾਮ ਹਾਸਲ ਕੀਤੇ।ਉਸ ਨੇ 1995 ਵਿੱਚ ਇੰਦਰਾ ਗਾਂਧੀ ਗੋਲਡ ਕੱਪ ਟੂਰਨਾਮੈਂਟ ਵਿੱਚ ਭਾਗ ਲੈ ਕੇ ਆਪਣਾ ਅੰਤਰਰਾਸ਼ਟਰੀ ਖੇਡ ਜੀਵਨ ਆਰੰਭ ਕੀਤਾ। ਫਿਰ ਉਹ ਪੰਜਾਬ ਐਂਡ ਸਿੰਧ ਬੈਂਕ ਦੀ ਟੀਮ ਵਿੱਚ ਸ਼ਾਮਿਲ ਹੋ ਗਿਆ। ਉਸ ਨੇ 1996 ਦੀਆਂ ਐਟਲਾਂਟਾ ਓਲੰਪਿਕਸ ਅਤੇ 2000 ਦੀਆਂ ਸਿਡਨੀ ਓਲੰਪਿਕਸ ਵਿੱਚ ਦੋ ਵਾਰ ਭਾਰਤੀ ਹਾਕੀ ਟੀਮ ਵਿੱਚ ਸ਼ਮੂਲੀਅਤ ਕੀਤੀ। ਉਸ ਨੇ 1998 ਵਿੱਚ ਹਾਲੈਂਡ ਵਿਖੇ ਅਤੇ 2002 ਵਿੱਚ ਮਲੇਸ਼ੀਆ ਵਿਖੇ ਵਿਸ਼ਵ ਹਾਕੀ ਚੈਂਪੀਅਨਸ਼ਿਪ ਵਿੱਚ ਭਾਗ ਲਿਆ। ਬਲਜੀਤ ਸੈਣੀ ਦੀਆਂ ਮਾਣਮੱਤੀਆਂ ਖੇਡ ਪ੍ਰਾਪਤੀਆਂ ਸਦਕਾ ਉਸ ਨੂੰ ਭਾਰਤ ਸਰਕਾਰ ਨੇ ਅਰਜੁਨ ਐਵਾਰਡ ਅਤੇ ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਖੇਡ ਸਨਮਾਨ ਨਾਲ



ਨਿਵਾਜਿਆ। ਬਲਜੀਤ ਸਿੰਘ ਸੈਣੀ ਬਰਾਦਰੀ ਅਤੇ ਦੇਸ਼ ਦਾ ਅਮੁੱਲ ਖਜ਼ਾਨਾ ਹੈ।

### ਦੌੜਾਕ ਮਨਜੀਤ ਕੌਰ ਸੈਣੀ

ਪੰਜਾਬ ਪੁਲਿਸ ਦੇ ਇੰਸਪੈਕਟਰ ਸ. ਹਰਭਜਨ ਸਿੰਘ ਦੇ ਘਰ 4 ਅਪ੍ਰੈਲ,1982 ਨੂੰ ਜਨਮੀ ਮਨਜੀਤ ਕੌਰ ਸੈਣੀ ਵਿਸ਼ਵ ਦੀ ਸਿਰਕੱਢ ਦੌੜਾਕ ਹੈ। ਉਸ ਨੇ ਸਕੂਲੀ, ਕਾਲਜ, ਰਾਜ ਪੱਧਰੀ ਦੌੜ ਮੁਕਾਬਲਿਆਂ 'ਚ ਇੱਕ ਨੰਬਰੀ ਐਥਲੀਟ ਬਣਨ ਤੋਂ ਬਾਅਦ ਕੌਮੀ ਖੇਡ ਮੈਦਾਨ ਵਿੱਚ ਪੈਰ ਧਰਿਆ। ਉਸ ਨੇ 1997 ਵਿੱਚ ਸਰਕਾਰੀ ਸਕੂਲ ਗੁਰਦਾਸਪੁਰ 'ਚ ਪੜ੍ਹਦਿਆਂ ਦੌੜਨ ਦਾ ਸਿਲਸਿਲਾ ਸ਼ੁਰੂ ਕੀਤਾ ਅਤੇ ਫਿਰ ਰਾਜ ਪੱਧਰੀ ਸਕੂਲ ਖੇਡਾਂ ਅਤੇ ਨੈਸ਼ਨਲ ਸਕੂਲ ਖੇਡਾਂ ਵਿੱਚ ਭਾਗ ਲੈਣਾ ਸ਼ੁਰੂ ਕੀਤਾ। ਉਸ ਨੇ 2002 'ਚ ਏਸ਼ੀਅਨ ਚੈਂਪੀਅਨਸ਼ਿਪ ਦੀ 4x100 ਮੀਟਰ ਰਿਲੇਅ ਰੇਸ ਵਿੱਚ ਸੋਨ ਤਮਗਾ ਜਿੱਤਿਆ। ਉਸ ਨੇ 2004 ਦੀਆਂ ਏਥਨਜ਼ ਓਲੰਪਿਕ ਖੇਡਾਂ ਵਿੱਚ ਆਪਣੀਆਂ ਸਾਥਣਾਂ ਨਾਲ ਮਿਲ ਕੇ ਸੱਤਵਾਂ ਸਥਾਨ ਹਾਸਲ ਕੀਤਾ। ਉਸ ਨੇ ਬੀਜਿੰਗ ਓਲੰਪਿਕਸ ਵਿੱਚ ਵੀ ਭਾਗ ਲਿਆ। ਉਸ ਨੇ 2006 'ਚ ਦੋਹਾ ਏਸ਼ੀਆ 'ਚ 400 ਮੀਟਰ ਦੌੜ ਦਾ ਚਾਂਦੀ ਤਮਗਾ ਅਤੇ ਰਿਲੇਅ ਰੇਸ ਵਿੱਚ ਸੋਨੇ ਦਾ ਤਮਗਾ ਜਿੱਤਿਆ। ਜਦੋਂ ਉਸ ਨੇ ਜੂਨੀਅਰ ਏਸ਼ੀਅਨ ਗੇਮਾਂ ਵਿੱਚ ਸੋਨ ਤਮਗਾ ਜਿੱਤਿਆ ਤਾਂ ਨਾਲ ਹੀ ਹਿਸਟਰੀ ਦੀ ਐਮ.ਏ ਵੀ ਕਰ ਲਈ। ਸੰਨ 2011 ਵਿੱਚ ਉਹ ਪੰਜਾਬ ਪੁਲਿਸ ਵਿੱਚ ਇੰਸਪੈਕਟਰ ਭਰਤੀ ਹੋਈ ਅਤੇ ਹੁਣ ਡੀ.ਐਸ.ਪੀ ਬਣ ਗਈ ਹੈ। ਭਾਰਤ ਸਰਕਾਰ ਨੇ ਮਨਜੀਤ ਕੌਰ ਨੂੰ ਅਰਜੁਨ ਐਵਾਰਡ ਨਾਲ ਸਨਮਾਨਿਤ ਕੀਤਾ ਹੈ।



### ਗੋਪਾਲ ਸੈਣੀ

ਰਾਜਿਸਥਾਨ ਸੂਬੇ ਦਾ ਗੋਪਾਲ ਸੈਣੀ ਭਾਰਤ ਦਾ ਪ੍ਰਸਿੱਧ ਐਥਲੀਟ ਹੈ। ਉਸ ਨੇ 1981 ਵਿੱਚ ਟੋਕੀਓ ਵਿਖੇ ਹੋਈਆਂ ਖੇਡਾਂ ਸਮੇਂ 3000 ਮੀਟਰ ਸਟੀਪਲਚੇਜ਼ ਈਵੈਂਟ ਵਿੱਚ 8.30.33 ਮਿੰਟ ਦਾ ਰਿਕਾਰਡ ਸਥਾਪਿਤ ਕੀਤਾ ਸੀ। ਉਸ ਨੇ 1980 ਓਲੰਪਿਕਸ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਸੀ। ਉਸ ਦੀਆਂ ਮਾਣਮੱਤੀਆਂ ਖੇਡ ਪ੍ਰਾਪਤੀਆਂ ਸਦਕਾ ਭਾਰਤ ਸਰਕਾਰ ਨੇ 1981 ਵਿੱਚ ਉਸ ਨੂੰ ਅਰਜੁਨ ਐਵਾਰਡ ਨਾਲ ਸਨਮਾਨਿਤ ਕੀਤਾ ਸੀ।



❊ ❊ ❊ ❊ ❊

**ਕਾਮਯਾਬੀ ਤੱਕ ਜਾਣ ਵਾਲੇ ਰਸਤੇ ਸਿੱਧੇ ਨਹੀਂ ਹੁੰਦੇ ਪਰ ਕਾਮਯਾਬੀ ਮਿਲਣ ਤੋਂ ਬਾਅਦ ਸਾਰੇ ਰਸਤੇ ਸਿੱਧੇ ਹੋ ਜਾਂਦੇ ਹਨ। –ਬਲਬੀਰ ਸਿੰਘ ਸੈਣੀ**

## Healthy Saini Veteran

Nb/Sub Hazara Singh of Village Bhalian in Ropar District had joined Patiala State Forces in 1941 and served in Second world War. In 1951 he joined ASC(MT) and took part in 1962 operations. He retired from service in 1965. He was recalled after a month because of 1965 Indo-Pak war. He was released from service in 1966. Thus he saw active service not only in Second World War but all operations in free India till 1965. He has rendered meritorious service in Indian Army. Now he is enjoying his life with his family .



He has turned 100 years of age on 5 August, 2021. A function was held to felicitate him on the grand auspicious occasion. MGASC Western Command was represented by a team of officers and JCO's. He was also felicitated by DSS & A Board Ropar and IESL Ropar. This was a unique function and people fro surrounding are felt very excited and happy. It was a good example of brotherhood and espirit de corps. Greetings were read on behalf of DGST and MGASC. It was a gala event not only for the family, relatives but civilians living nearby. The event became more colourful because of band play. Apparently the fate also approved of the way Nb/Sub Hazara Singh is living his life. He is physically fit and mentally alert except that he is slightly hard of hearing.

**Dalbir Singh Pabla**
# 3330, 46c Chandigarh, Ph- 94170-23330

❊ ❊ ❊ ❊ ❊

*Life is not meant to be taken seriously*
*as we are really temporary here.*
*We are like prepaid card with limited validity*
*We are people, not programmed devices.*
*Do not be serious, Enjoy life as it comes.*

*-Rattan Tata*



# ਟੋਕੀਓ ਓਲੰਪਿਕ, 2020 'ਚ ਵਾਪਰੇ ਕ੍ਰਿਸ਼ਮੇ

ਚਰਨਜੀਤ ਸਿੰਘ ਤੰਬੜ
ਹੁਸ਼ਿਆਰਪੁਰ

*** ਕੇਵਲ 53 ਵਰਗ ਕਿਲੋਮੀਟਰ ਖੇਤਰਫਲ ਅਤੇ 64 ਹਜ਼ਾਰ ਦੀ ਆਬਾਦੀ ਵਾਲੇ **ਟਾਪੂਨੁਮਾ ਦੇਸ਼ ਬਰਮੁਡਾ ਦੀ ਫਲੋਰਾ ਡਫੀ** ਨੇ ਟੋਕੀਓ ਓਲੰਪਿਕਸ ਵਿੱਚ ਟਰਾਇਥਲਾਨ ਖੇਡ ਮੁਕਾਬਲੇ ਵਿੱਚ ਸੋਨ ਤਮਗਾ ਜਿੱਤ ਕੇ ਸਾਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੈ। ਇਸ ਦੇਸ਼ ਨੇ ਕੇਵਲ ਦੋ ਖਿਡਾਰੀ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਭੇਜੇ ਸਨ। ਡਫੀ ਨੇ 1500 ਮੀਟਰ ਸਵਿਮ, 40 ਕਿਲੋਮੀਟਰ ਬਾਈਕ ਰਾਈਡ ਅਤੇ 10 ਕਿਲੋਮੀਟਰ ਦੀ ਦੌੜ ਨੂੰ 1 ਘੰਟੇ, 55 ਮਿੰਟ, 36 ਸਕਿੰਟ ਵਿੱਚ ਪੂਰਾ ਕਰਕੇ ਵਿਸ਼ਵ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਬਰਮੁਡਾ ਲਈ ਇਹ ਓਲੰਪਿਕਸ ਦਾ ਪਹਿਲਾ ਸੋਨ ਤਮਗਾ ਅਤੇ ਦੂਜਾ ਤਮਗਾ ਹੈ। ਇਸ ਤੋਂ ਪਹਿਲਾਂ 1976 ਦੀਆਂ ਮੌਂਟਰੀਅਲ ਓਲੰਪਿਕ ਖੇਡਾਂ ਵਿੱਚ ਇਸ ਦੇਸ਼ ਦੇ ਮੁੱਕੇਬਾਜ਼ ਕਲੇਅਰੈਸ ਹਿੱਲ ਨੇ ਕਾਂਸੀ ਦੀ ਤਮਗਾ ਜਿੱਤਿਆ ਸੀ।



*** ਸਕੇਟਬੋਰਡ ਮੁਕਾਬਲੇ ਵਿੱਚ ਤਿੰਨ **ਕਿਸ਼ੋਰ ਲੜਕੀਆਂ**- ਜਾਪਾਨ ਦੀ 13 ਸਾਲ ਉਮਰ ਦੀ ਮੋਜਿਮੀ ਨਿਸ਼ੀਆ ਨੇ ਸੋਨ ਤਮਗਾ, ਬਰਾਜ਼ੀਲ ਦੀ 13 ਸਾਲ ਦੀ ਰੇਸਾ ਲੀਲ ਨੇ ਚਾਂਦੀ ਤਮਗਾ ਅਤੇ ਜਾਪਾਨ ਦੀ ਹੀ 16 ਸਾਲ ਉਮਰ ਦੀ ਫੂਨਾ ਨਾਕਾਯਾਮਾ ਨੇ ਕਾਂਸੀ ਤਮਗਾ ਜਿੱਤ ਕੇ ਇਤਿਹਾਸ ਸਿਰਜ ਦਿੱਤਾ ਹੈ। ਇਸ ਖੇਡ ਨੂੰ ਪਹਿਲਾਂ ਪੁਰਸ਼ਾਂ ਦੇ ਦਾਬੇ ਵਾਲੀ ਸਮਝਿਆ ਜਾਂਦਾ ਰਿਹਾ ਹੈ।ਇਨ੍ਹਾਂ ਬੱਚੀਆਂ ਦੀ ਮਿਹਨਤ ਅਤੇ ਲਗਨ ਨੂੰ ਸਲਾਮ।





*** ਖੇਡ ਮੁਕਾਬਲੇ ਅਤਿ ਦੇ ਬਲ, ਅਭਿਆਸ ਅਤੇ ਨਿਸ਼ਠਾ ਨਾਲ ਜਿੱਤੇ ਜਾਂਦੇ ਹਨ। ਇਸ ਲਈ ਸਮੇਂ ਦੀ ਜ਼ਰੂਰਤ ਹੁੰਦੀ ਹੈ। ਆਮ ਤੌਰ 'ਤੇ ਵਿਗਿਆਨ ਦਾ ਵਿਦਿਆਰਥੀ ਖੇਡਾਂ ਵਿੱਚ ਕੋਈ ਜਿੱਤ ਹਾਸਲ ਕਰਨ ਦੇ ਸਮਰੱਥ ਨਹੀਂ ਹੁੰਦਾ। ਪਰ ਟੋਕੀਓ ਓਲੰਪਿਕਸ ਵਿੱਚ ਅਸਟਰੀਆ ਦੇਸ਼ ਦੀ **ਗਣਿਤ ਸ਼ਾਸਤਰੀ ਅੰਨਾ ਕੀਅਸਨਹੋਫਰ** ਨੇ ਸਾਈਕਲਿੰਗ ਖੇਡ ਮੁਕਾਬਲੇ ਵਿੱਚ ਸੋਨ ਤਮਗਾ ਹਾਸਲ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ। ਉਸ ਨੇ 137 ਕਿਲੋਮੀਟਰ ਲੰਬੀ ਮਹਿਲਾ ਰੋਡ ਰੇਸ ਵਿੱਚ ਸੋਨ ਤਮਗਾ ਜਿੱਤਿਆ। 1991 ਵਿੱਚ ਜਨਮੀ ਅੰਨਾ ਨੇ 2008-11 ਵਿੱਚ ਟੈਕਨੀਕਲ ਯੂਨੀਵਰਸਿਟੀ ਆਫ ਵੀਏਨਾ ਤੋਂ ਡਿਗਰੀ ਹਾਸਲ ਕਰ ਕੇ ਕੈਂਬਰਿਜ ਯੂਨੀਵਰਸਿਟੀ ਤੋਂ ਪੋਸਟਗ੍ਰੈਜੂਏਸ਼ਨ ਕੀਤੀ ਅਤੇ ਕੈਟਾਲੋਨੀਆਂ ਦੀ ਪੌਲੀਟੈਕਨਿਕ ਯੂਨੀਵਰਸਿਟੀ ਤੋਂ ਗਣਿਤ ਵਿੱਚ ਪੀ.ਐਚ.ਡੀ ਕੀਤੀ ਹੋਈ ਹੈ। ਇਸ ਸਮੇਂ ਉਹ ਗਣਿਤ ਦੇ ਨਾਨਲੀਨੀਅਰ ਪਾਰਸ਼ਲ ਡਿਫਰੈਂਸ਼ਲ ਇਕੁਏਸ਼ਨਜ਼ 'ਤੇ ਪੋਸਟਡਾਕਟਰੇਟ ਖੋਜ ਕਰ ਰਹੀ ਹੈ। ਹੈਰਾਨੀ ਇਹ ਹੈ ਕਿ ਉਸ ਨੇ ਇਹ ਦੌੜ ਬਿਨਾਂ ਕਿਸੇ ਕੋਚ ਦੀ ਗਾਈਡੈਂਸ ਤੋਂ ਜਿੱਤੀ ਹੈ। ਕਿਸੇ ਨੂੰ ਵੀ ਅੰਨਾ ਦੇ ਜਿੱਤਣ ਦੀ ਆਸ ਨਹੀਂ ਸੀ। ਉਹ ਖੁਦ ਵੀ ਬਹੁਤੀ ਆਸਵੰਦ ਨਹੀਂ ਸੀ। ਇਸ ਲਈ ਅੰਨਾ ਦੀ ਜਿੱਤ ਨੂੰ ਓਲੰਪਿਕਸ ਇਤਿਹਾਸ ਵਿਚ ਸਦਮੇ ਵਜੋਂ ਲਿਆ ਜਾ ਰਿਹਾ ਹੈ।



*** ਅਸਟ੍ਰੇਲੀਆ ਦੀ ਤੈਰਾਕ ਐਮਾ ਮੈਕਕਿਓਨ ਨੇ ਟੋਕੀਓ ਓਲੰਪਿਕਸ ਵਿੱਚ ਸੱਤ ਤਮਗੇ ਜਿੱਤ ਕੇ ਕ੍ਰਿਸ਼ਮਾ ਕਰ ਦਿਖਾਇਆ ਹੈ। ਇਨ੍ਹਾਂ ਵਿੱਚੋਂ ਚਾਰ ਸੋਨ ਤਮਗੇ ਹਨ। ਉਹ ਇਕ ਹੀ ਓਲੰਪਿਕ ਮੁਕਾਬਲੇ ਵਿੱਚ ਇੰਨੇ ਤਮਗੇ ਜਿੱਤਣ ਵਾਲੀ ਪਹਿਲੀ ਮਹਿਲਾ ਹੈ।

## ਜਿਨ੍ਹਾਂ ਹਿੰਮਤ ਯਾਰ ਬਣਾਈ

*** ਮਨੁੱਖ ਦੀ ਵੱਡੀ ਤਾਕਤ ਉਸ ਦਾ ਦ੍ਰਿੜ ਇਰਾਦਾ ਅਤੇ ਇੱਛਾ ਸ਼ਕਤੀ ਹੈ। ਇਨ੍ਹਾਂ ਦੇ ਬਲ ਨਾਲ ਮਨੁੱਖ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕਦਾ ਹੈ। ਇਸ ਦੀ ਇੱਕ ਮਿਸਾਲ ਅਮਰੀਕਾ ਦੇ ਨੀਗਰੋ ਪਰਿਵਾਰ ਦੀ ਵਿਕਲਾਂਗ ਲੜਕੀ **ਵਿਲਮਾ ਰੁਡੋਲਫ** ਹੈ ਜੋ ਪੋਲੀਓ ਦੀ ਬਿਮਾਰੀ ਨਾਲ ਇੱਕ ਲੱਤ ਤੋਂ ਨਾਕਾਰਾ ਹੋ ਜਾਣ ਦੇ ਬਾਵਜੂਦ ਰੋਮ ਸਮਰ ਓਲੰਪਿਕਸ (ਪੈਰਾਓਲੰਪਿਕਸ ਨਹੀਂ), 1960 ਵਿੱਚ 100 ਮੀਟਰ, 200 ਮੀਟਰ ਅਤੇ 4x 100 ਮੀਟਰ ਰਿਲੇਅ ਰੇਸ ਦੇ ਤਿੰਨ ਸੋਨ ਤਮਗੇ ਹਾਸਲ ਕਰਨ ਵਿੱਚ ਸਫ਼ਲ ਹੋਈ ਸੀ। ਉਹ ਇੱਕ ਹੀ ਓਲੰਪਿਕਸ ਮੁਕਾਬਲੇ ਵਿੱਚ ਤਿੰਨ ਤਮਗੇ ਲੈਣ ਵਾਲੀ ਪਹਿਲੀ ਔਰਤ ਬਣ ਗਈ। ਵਿਲਮਾ ਰੁਡੋਲਫ ਇੱਕ ਗਰੀਬ ਪਰਿਵਾਰ ਵਿੱਚ ਰੇਲਵੇ ਕੁਲੀ ਦੇ ਘਰ



ਬਾਕੀ ਸਫਾ 38 'ਤੇ....

ਕਹਾਣੀ

# ਇਹ ਹੱਤਿਆ ਕਿਸ ਨੇ ਕੀਤੀ ?

ਮਨਜੀਤ ਸਿੰਘ ਤੰਬੜ
ਹੁਸ਼ਿਆਰਪੁਰ



ਵਿਸਾਖ ਮਹੀਨੇ ਦੇ ਆਖਰੀ ਦਿਨ ਸਨ। ਕਣਕਾਂ ਦੀ ਵਾਢੀ ਮਸਾਂ ਮੁੱਕੀ ਸੀ।ਵੱਡੇ ਜ਼ਿਮੀਦਾਰ ਤਾਂ ਆਪਣੀਆਂ ਆਪਣੀਆਂ ਕਣਕਾਂ ਕੰਬਾਇੰਨਾਂ ਨਾਲ ਹੀ ਕਟਵਾ ਕੇ ਵਿਹਲੇ ਹੋ ਗਏ ਸਨ। ਰੋਮੀ ਨੇ ਹਮੇਸ਼ਾਂ ਵਾਂਗ ਆਪਣੀ ਕਣਕ ਦੀਆਂ ਭਰੀਆਂ ਦੀ ਖਲ੍ਹੀ ਪਿਆਰੇ ਲਾਲ ਦੀ ਹੜੰਬਾ ਮਸ਼ੀਨ (ਕਣਕ ਕੁਤਰਨ ਵਾਲੀ ਮਸ਼ੀਨ) ਦੇ ਲਾਗੇ ਖਾਲੀ ਪਈ ਜਗ੍ਹਾ ਚ ਲਗਾ ਲਈ। ਉਸ ਦੀ ਸਿਰਫ਼ ਪੰਜ ਕਨਾਲ ਜ਼ਮੀਨ ਨੂੰ ਹੀ ਖੂਹ ਦਾ ਪਾਣੀ ਲੱਗਦਾ ਸੀ, ਬਾਕੀ ਦੇ ਤਿੰਨੋ ਖੇਤ ਬਗੈਰ ਪਾਣੀ ਤੋਂ ਮਾਰੂ ਸਨ। ਹੌਸਲਾ ਕਰ ਕੇ ਇਸ ਵਾਰੀ ਤਿੰਨ ਹੋਰ ਮਾਰੂ ਖੇਤ ਲਛਮਣ ਸਿੰਘ ਵਾਲੇ ਵੀ ਪੰਜ ਸੌ ਰੁਪਏ ਕਨਾਲ ਦੇ ਹਿਸਾਬ ਨਾਲ ਠੇਕੇ ਤੇ ਰੱਖ ਲਏ। ਕੱਲੇ ਬੰਦੇ ਲਈ ਇੰਨੇ ਕੂ ਸਿਆੜ ਬਹੁਤ ਸਨ। ਬੱਲਦਾਂ ਦੀ ਜੋੜੀ ਵੀ ਹਲਕੀ ਸੀ। ਜੋੜੀ ਵੀ ਵਿਚਾਰੀ ਕਾਹਦੀ ਸੀ, ਮੱਠਾ ਜੇਹਾ ਝੋਟਾ ਤੇ ਕਾਲਾ ਲਾਖਾ ਬਲਦ। ਠੇਕੇ ਦੇ ਬਾਰਾਂ ਹਜ਼ਾਰ ਰੁਪਏ ਦੀ ਰਕਮ ਤਾਂ ਭਾਰੀ ਸੀ। ਪਰ ਉਸ ਨੂੰ ਆਪਣੇ ਜੁੱਸੇ ਤੇ ਮਾਣ ਸੀ। ਤਿੰਨ ਹਜ਼ਾਰ ਰੁਪਏ ਦਾ ਹਲਕਾ ਜਿਹਾ ਗਦਰਾ ਬਲਦ ਹੋਰ ਲੈ ਲਿਆ। ਖੇਤੀ ਦੀ ਵਿਉਂਤਬੰਦੀ ਕਰਨ ਵਿੱਚ ਉਹ ਮਾਹਰ ਸੀ। ਠੇਕੇ ਵਾਲੇ ਤਿੰਨੋ ਖੇਤ ਉਸ ਨੇ ਛੇ ਮਹੀਂਨੇ ਲਈ ਸੰਨਮੇ ਰੱਖ ਲਏ। ਇਨ੍ਹਾਂ ਵਿੱਚ ਕੁੱਝ ਨਾ ਬੀਜਿਆ। ਆਪ ਹੱਡਾਂ ਦਾ ਨਰੋਆ ਸੀ। ਸਵੇਰੇ ਦੋ ਗਲਾਸ ਲੱਸੀ ਦੇ ਪੀ ਜਾਂਦਾ। ਸੱਤੂ ਤੇ ਗੁੜ, ਪਰਨੇ ਦੇ ਲੜ ਬੰਨ੍ਹ ਕੇ ਮੋਢੇ 'ਤੇ ਸੁੱਟ ਕੇ ਤਿੰਨੇ ਹਾਲ਼ੀ ਪਸ਼ੂਆਂ ਨਾਲ ਤਿੰਨ ਮੀਲ ਦਾ ਪੈਂਡਾ ਤਹਿ ਕਰਕੇ ਸੂਰਜ ਦੀ ਲਾਲ ਟਿੱਕੀ ਦਿਸਣ ਤੋਂ ਪਹਿਲਾਂ ਖੇਤ ਵਿੱਚ ਪਹੁੰਚ ਜਾਂਦਾ। ਛਾਹ ਵੇਲੇ ਪ੍ਰੇਮੋ ਘਰ ਦਾ ਕੰਮ ਨਿਬੇੜ ਨਿਆਣਿਆਂ ਨਾਲ ਚਾਰ ਕੁ ਮੋਟੀਆਂ ਮੋਟੀਆਂ ਰੋਟੀਆਂ ਵਿੱਚ ਗੰਢਾ-ਅਚਾਰ ਰੱਖ ਕੇ ਲੈ ਆਉਂਦੀ। ਤਿੰਨ ਮਹੀਨੇ ਬਲਦਾਂ ਨੂੰ ਬਦਲ ਬਦਲ ਕੇ ਖੂਬ ਵਹਾਈ ਕੀਤੀ। ਸਾਰੇ ਟੱਬਰ ਨੇ ਨਾ ਧੁੱਪ ਦੇਖੀ ਨਾਂ ਗਰਮੀਂ, ਖੇਤ ਵਿੱਚ ਘਾਹ ਦੀ ਤਿੜ ਤੱਕ ਨਾ ਰਹਿਣ ਦਿੱਤੀ। ਬਰਸਾਤਾਂ ਦੇ ਦਿਨਾਂ ਦੇ ਪਏ ਮੀਹਾਂ ਦੀ ਗਿੱਲ ਰੋਮੀ ਨੇ ਚੰਗੀ ਤਰ੍ਹਾਂ ਮੇਲਵਾਂ ਸੁਹਾਗਾ ਮਾਰ ਕੇ ਸੰਭਾਲ ਲਈ। ਲੱਕੜੀ ਦੇ ਹਲ਼ ਨਾਲ ਪੋਰ ਬੰਨ੍ਹ ਕੇ ਨਵੰਬਰ ਦੇ ਪਹਿਲੇ ਹਫਤੇ ਈ ਕਣਕ ਬੀਜ ਦਿੱਤੀ। ਦੋ ਤਿੰਨ ਮੀਂਹ ਸੋਹਣੇ ਭਰਮੇ ਸਮੇ ਸਿਰ ਪੈ ਗਏ। ਕਣਕ ਖੇਤ ਦੇ ਬੰਨੇ ਟੱਪ ਕੇ ਬਾਹਰ ਨੂੰ ਲੁੱੜਕਦੀ ਫਿਰੇ। ਮਿਹਨਤ ਰੰਗ ਲਿਆਈ। ਰੋਮੀ ਕਣਕ ਵੱਲ ਦੇਖ ਕੇ ਬਾਗੋਬਾਗ ਹੋ ਜਾਂਦਾ।ਚੜ੍ਹਦੇ ਵੱਲ ਦੇਖ ਪ੍ਰਮਾਤਮਾਂ ਦਾ ਸ਼ੁਕਰਾਨਾਂ ਕਰਦਾ।

ਰੋਮੀ ਦੀਆਂ ਦੋਨੋ ਕੁੜੀਆਂ ਬੀਰੋ ਤੇ ਨਿੱਕੀ ਪੱਠਿਆਂ ਨੂੰ ਗਈਆਂ ਰੋਜ਼ ਕਣਕ ਦੇ ਬੂਟਿਆਂ ਦੀ ਉਚਾਈ ਨੂੰ ਗਿੱਠਾਂ ਨਾਲ ਮਿਣਦੀਆਂ। ਕਣਕ ਵਿੱਚ ਬੈਠ ਬੈਠ ਦੇਖਦੀਆਂ। ਕਣਕ ਕਿੰਨੀ ਕੁ ਉਨ੍ਹਾਂ ਤੋ ਉੱਚੀ ਹੋਈ ਹੈ। ਬੀਰੋ ਤੇ ਨਿੱਕੀ ਨੂੰ ਕਣਕ ਵੱਲ ਦੇਖ ਚਾਅ ਚੜ੍ਹ ਜਾਂਦਾ। ਖੁਸ਼ੀ ਦੀਆਂ ਤਰੰਗਾਂ ਨਾਲ ਗੁਦਗੁਦਾਉਂਦੀ ਨਿੱਕੀ ਨੇ ਇਕ ਦਿਨ ਬੀਰੋ ਨੂੰ ਤਰਲਾ ਪਾਉਂਦੀ ਨੇ ਆਖ ਈ ਦਿੱਤਾ, "ਭੈਣ, ਤੂੰ ਮੇਰੀ ਵੱਡੀ ਭੈਣ ਆ ਨਾ, ਮੇਰੀ ਇਕ ਗਲ ਮੰਨੇਗੀ"? "ਕੀਅ"ਬੀਰੋ ਨੇ ਵੀ ਮਜਾਜ਼ ਨਾਲ ਪੁੱਛਿਆ। ਉਸ ਨੂੰ ਪਤਾ ਸੀ ਕਿ ਜੇ ਨਿੱਕੀ ਨੇ ਕੋਈ ਗਲ ਮਨਾਉਣੀ ਹੋਵੇ ਤਾਂ ਈ ਭੈਣ ਬਣਾਉਂਦੀ ਹੈ, ਨਹੀ ਤਾਂ ਬੀਰੋ ਦੀ ਥਾਂ ਟੀਰੋ ਈ ਕਹੂ।" ਭੈਣ ਬਣ ਕੇ ਤੂੰ ਪਾਪਾ ਤੋਂ ਇਸ ਆਰੀ ਕੁੱਝ ਨਾਂ ਮੰਗੀ, ਮੈਂ ਤਾਂ ਪਾਪਾ ਤੋਂ ਚਾਂਦੀ ਦੀਆਂ ਝਾਂਜਰਾਂ ਲੈਣੀਆਂ, ਫੌਜੀ ਚਾਚੇ ਦੀ ਦੀਪੋ ਦੀਆਂ ਝਾਂਜਰਾਂ ਅਰਗੀਆਂ।ਮੇਰਾ ਬੋ..ਅਤ ਜੀਅ ਕਰਦਾ ਪੌਣ ਨੂੰ"।

"ਕੀ..ਅ ਗੱਲ੍ਹ ਤੂੰ ਬੋਅਤ ਚੋਢੀ.ਆਂ, ਆਪਾਂ ਤਾਂ ਪਾਪਾ ਤੋਂ ਮਹਿੰਗਾ ਜਿਹਾ ਸੋਹਣਾ ਸੂਟ ਲੈਣਾ ਬਾਬਾ ਲੱਖੋ ਦੇ ਮੇਲੇ ਲਈ"। ਵੱਡੀ ਆਖਦੀ।

"ਅੱਛਾ ਚਲ ਦੋਨੋ ਈ...,"। ਨਿੱਕੀ ਨੇ ਆਪੇ ਹੀ ਸਮਝੌਤਾ ਕਰ ਲਿਆ। "ਦੇਖ ਸਾਡੀ ਕਿੰਨੀ ਸੋਹਣੀ ਕਣਕ ਆ"!,ਨਿੱਕੀ ਕਣਕ ਦੇ ਸੁਨਹਿਰੀ ਸਿੱਟਿਆਂ ਨੂੰ ਆਪਣੇ ਹੱਥਾਂ ਨਾਲ ਨਿਹਾਰਦੀ ਬੋਲੀ।

"ਚੁਪ ਕਰ ਨੀ ਕਿਤੇ ਨਜ਼ਰ ਨਾ ਲਾ ਦੀਂ"।

ਆਉਂਦਾ ਜਾਂਦਾ ਹਰ ਕੋਈ ਰੋਮੀ ਦੀ ਕਣਕ ਦੀ ਸਿਫਤ ਕਰਨੋ ਨਾ ਰਹਿੰਦਾ। ਰੋਮੀ ਨਜ਼ਰ ਟਪਾਰ ਦੇ ਡਰੋਂ ਕਾਲੇ ਕੱਪੜੇ ਵਾਲਾ ਡਰਨਾ ਅਤੇ ਇੱਕ ਡੰਡੇ ਉੱਤੇ ਜੁੱਤੀ ਪਾ ਕੇ ਖੇਤ ਵਿੱਚ ਗੱਡ ਆਇਆ।

ਜੇ ਖੇਤ ਸੋਹਣਾ ਬਣਿਆ ਹੋਵੇ ਤਾਂ ਕਣਕ ਦੀ ਫ਼ਸਲ ਨੂੰ ਤੋਰਾ ਫੇਰਾ ਈ ਚਾਹੀਦਾ, ਜ਼ਿਆਦਾ ਮਿਹਨਤ ਦੀ ਲੋੜ ਨੀ ਪੈਂਦੀ। ਵੇਹਲੇ ਸਮੇਂ ਰੋਮੀ ਨੇ ਖੂਹ ਵਾਲੇ ਖੇਤ ਵਿੱਚ ਥੋੜ੍ਹਾ ਜਿਹਾ ਥਾਂ ਛੱਡ ਕੇ ਚਾਰ ਕੂ ਕਨਾਲ ਆਲੂ ਵੀ ਬੀਜ ਦਿੱਤੇ। ਪਾਣੀ ਦੇਣ ਨੂੰ ਛੱਡ ਕੇ ਬਾਕੀ ਦੀ ਮਿਹਨਤ ਦਾ ਜੁੰਮਾ ਪ੍ਰੇਮੋ ਨੂੰ ਸੰਭਾਲ ਦਿੱਤਾ। ਜ਼ਮੀਨ ਮੋਟੀ ਸੀ। ਆਲੂ ਬੜੇ ਹੋਏ। ਰੋਮੀ ਖੁਸ਼ ਹੁੰਦਾ, ਰੁਮਾਂਸਿਕ ਮੂਡ ਵਿੱਚ ਪ੍ਰੇਮੋ ਦੇ ਕੋਲ ਨੂੰ ਹੁੰਦਾ ਹੋਇਆ ਆਖਦਾ, "ਸਾਲੇ ਆਲੂ ਤਾਂ ਖੇਤ ਦੀਆਂ ਢੀਮਾਂ ਤੋਂ ਵੀ ਆਕਰੇ ਆ। ਪਤਾ ਨੀ ਕੀ ਪਾ ਤਾ ਤੂੰ ਖੇਤ 'ਚ"।

"ਮੈ ਕੀ ਪਾਉਣਾ ਤੀ", ਪ੍ਰੇਮੋ ਨੇ ਰੋਮੀ ਵਲ ਕੋਈ ਖਾਸ ਤਵੱਜੋ ਨਾ ਦਿੱਤੀ। ਦਰਅਸਲ ਖੇਤੀ ਦੇ ਕੰਮਾਂ, ਘਰ ਦੇ ਹੋਰ ਧੰਦਿਆਂ ਉਪਰੋਂ ਅਗੜ ਪਿਛੜ ਦੇ ਨਿਆਣਿਆਂ ਨੇ ਪ੍ਰੇਮੋ ਦੇ ਜੀਵਨ ਵਿੱਚੋਂ ਰੁਮਾਂਸ ਵਰਗੀ ਚੀਜ਼ ਨੂੰ ਕਦੋਂ ਦਾ ਮਨਫੀ ਕਰ ਦਿੱਤਾ ਸੀ।

ਕਣਕ ਦੇ ਦੂਸਰੇ ਖੇਤ ਵੀ ਸੁਹਣੇ ਸਨ। ਹੱਥ ਚ ਦਾਤੀ ਫੜਨ ਤੋਂ ਪਹਿਲਾਂ ਹੀ ਬੱਚਿਆਂ ਦੀਆਂ ਸਾਰੀਆਂ ਮੰਗਾਂ ਦੀ ਰੋਮੀ ਨੂੰ ਮਨਜ਼ੂਰੀ ਦੇਣੀ ਪਈ। ਛੋਟੇ ਸਤ ਕੂ ਸਾਲ ਦੇ ਦੀਪੂ ਨਾਲ ਵੀ ਇਕਰਾਰਨਾਮਾਂ ਹੋ ਗਿਆ, ਜਿੰਨੇ ਕਣਕ ਦੇ ਸਿੱਟੇ ਚੁੱਗੇਗਾ,

ਉਨ੍ਹਾਂ ਵਿੱਚੋਂ ਨਿਕਲੇ ਦਾਣਿਆਂ ਦੇ ਸਾਰੇ ਦੇ ਸਾਰੇ ਪੈਸੇ ਓਸ ਦੇ। ਫੇਰ ਕੀ ਸੀ। ਸਾਰਾ ਟੱਬਰ ਕੀੜੀਆਂ ਦੇ ਭੌਣ ਵਾਂਗ ਅਪਣੇ ਆਪਣੇ ਕੰਮ ਚ ਲਗ ਗਿਆ। ਜੇ ਇੱਕ ਚਿੜੀ ਜੰਗਲ ਦੀ ਅੱਗ ਬੁਝਾਉਣ ਦਾ ਹੌਸਲਾ ਰੱਖ ਸਕਦੀ ਹੈ, ਤਾਂ ਇਨ੍ਹਾਂ ਨੂੰ ਵਾਢੀ ਕਰਨੀ ਕੀ ਮੁਸ਼ਕਿਲ ਸੀ। ਦੀਪੂ ਵੀ ਵਿਤ ਤੋਂ ਬਾਹਰੇ ਸਿੱਟੇ ਇਕੱਠੇ ਕਰ ਲੈਂਦਾ।

ਰੋਮੀ ਤੋਂ ਬੱਚਿਆਂ ਦੇ ਗਰਮੀ ਨਾਲ ਭਿਜੇ ਕਪੜੇ, ਧੁੱਪ 'ਚ ਹੋਏ ਲਾਲ ਸੂਹੇ ਮੂੰਹ, ਨੰਗੇ ਪੈਰ ਤੇ ਦਾਤੀ ਦੀ ਹੱਥੀਂ ਨਾਲ ਹੱਥਾਂ ਉੱਤੇ ਪਏ ਰੱਟਣਾਂ ਵੱਲ ਦੇਖਿਆ ਨਾ ਜਾਂਦਾ।

ਪਰ ਬੱਚੇ ਖੁਸ਼ ਸਨ। ਬੱਚਿਆਂ ਨੂੰ ਤਾਂ ਕੋਈ ਥਕਾਵਟ ਨਹੀਂ ਸੀ। ਉਨ੍ਹਾਂ ਦੇ ਪਾਪਾ ਨੇ ਉਨ੍ਹਾਂ ਨੂੰ ਪਹਿਲੀ ਵਾਰੀ ਮੂੰਹੋਂ ਮੰਗਿਆ ਦੇਣਾ ਸੀ। ਦਸ ਦਿਨਾਂ ਵਿੱਚ ਹੀ ਛੇ ਖੇਤਾਂ ਦੀ ਵਾਢੀ ਕਰ ਮਾਰੀ। ਇਸ ਵਾਰੀ ਕਣਕ ਦੀਆਂ ਭਰੀਆਂ ਪੰਜ ਸੌ ਨੂੰ ਪਾਰ ਕਰ ਗਈਆਂ। ਉਹ ਕਣਕ ਦੀਆਂ ਭਰੀਆਂ ਨੂੰ ਵਾਰ ਵਾਰ ਗਿਣਦਾ। ਜਿੰਨੀ ਵਾਰੀ ਗਿਣਦਾ, ਉਸ ਦਾ ਸਰੂਰ ਹੋਰ ਵੱਧ ਜਾਂਦਾ। ਰੋਮੀ ਨੂੰ ਇੰਨੀ ਭਰਵੀਂ ਫਸਲ ਪਹਿਲੀ ਵਾਰੀ ਨਸੀਬ ਹੋਈ ਸੀ।

ਸ਼ਾਮ ਦੀ ਰੋਟੀ ਫੜਾਉਣ ਗਈ ਪ੍ਰੇਮੋ ਨੂੰ ਰੋਮੀ ਨੇ ਬਾਂਹੋ ਫੜ ਕੇ ਆਪਣੇ ਕੋਲ ਮੰਜੇ ਤੇ ਬਿਠਾ ਲਿਆ,"ਦੇਖ ਪ੍ਰੇਮੋ ਸਾਰੀ ਉਮਰ 'ਚ ਮੇਰੇ ਕੋਲੋਂ ਤੇਰੀਆਂ ਸੱਖਣੀਆਂ ਬਾਹਾਂ ਲਈ ਜੋੜਾ ਸੋਨੇ ਦੀਆਂ ਚੂੜੀਆਂ ਨੀ ਜੁੜੀਆਂ। ਇਸ ਆਰੀ ਫਸਲ ਸੁੱਖ ਨਾਲ ਵਧੀਆ ਹੋਈ ਆ। ਮੈ ਸੋਚਦਾਂ ਜੇ ਐਤਕੀਂ ਚਾਰ ਪੈਸੇ ਬਚ ਜਾਣ ਤਾਂ ਤੇਰੇ ਲਈ ਦੋ ਚੂੜੀਆਂ ਈ ਲੈ ਲਵਾਂ।ਇਹ ਮੇਰੀ ਦਿਲੀ ਤਮੰਨਾ ਆ"।

"ਐਵੈ ਨਾ ਹੁਬੀ ਜਾਵੋ ਫਸਲ ਵੱਲ ਦੇਖ ਦੇਖ, ਇਹ ਤਾਂ ਘਰ ਆਈ ਜਾਣੀਏ" ਪਿਛਲੇ ਸਾਲ ਕੇੜ੍ਹੀ ਘੱਟ ਸੀ ਏਦੇ ਨਾਲੋਂ? ਕਬੀਲਦਾਰੀ ਦੀਆਂ ਡੁੱਡਾਂ ਨੀ ਪੂਰ ਹੋਈਆਂ।"ਪਹਿਲਾਂ ਹੋਰ ਢੱਡੇ ਵਾਣੇ ਤਾਂ ਪੂਰੇ ਹੋ ਜਾਣ, ਬਣ ਜਾਣਗੀਆਂ ਚੂੜੀਆਂ ਵੀ। ਨਿਆਣਿਆਂ ਦੀਆਂ ਡਿਮਾਂਡਾਂ ਨੀ ਤੁਸੀਂ ਸੁਣੀਆਂ?"

"ਛੋਟੀ ਝਾਂਜਰਾਂ ਲਈ ਅੜੀ ਬੈਠੀ ਆ। ਵੱਢੀ ਨੇ ਸੂਟ ਲੈਣ ਲਈ ਪਿੱਟ ਸਿਆਪਾ ਪਾਇਆ ਹੋਇਆ ਆ, ਮੁੰਡੇ ਦੋਨੋ ਕਿਤਾਬਾਂ ਲਈ ਮੈਨੂੰ ਵੱਢ-ਵੱਢ ਖਾਈ ਜਾਂਦੇ ਆ"। ਚਲੋ ਇਹ ਤਾਂ ਛੱਡੋ, ਤੁਹਾਡੀ ਭੈਣ ਪਤਾ ਨੀ ਕਿਹੜੇ ਵੇਲੇ ਆਪਣੀ ਕੁੜੀ ਦਾ ਵਿਆਹ ਧਰ ਦੇਵੇ। ਮੈਂ ਤਾਂ ਕਹਿੰਦੀ ਆਂ ਜੇ ਚਾਰ ਪੈਸੇ ਜੁੜ ਜਾਣ ਤਾਂ ਅਸੀਂ ਵੀ...। ਆਪਣੀ ਬੀਰੋ ਆਹ ਮਾਘ ਤੋਂ ਅਠਾਰਾਂ ਨੂੰ ਟੱਪ ਗਈ ਆ,ਏਹਦੇ ਲਈ ਕੋਈ ਨੌਕਰੀ ਕਰਦਾ ਚੰਗਾ ਮੁੰਡਾ ਦੇਖ ਕੇ ਕੁੜੀ ਦੇ ਹੱਥ ਪੀਲੇ ਕਰ ਦੇਈਏ ਟੈਮ ਸਿਰ। ਇਕ ਦਾ ਭਾਰ ਲੱਥੇ ਸਿਰੋਂ। ਦੂਜੀ ਹੋਈ ਮਗਰੇ ਈ"। ਪ੍ਰੇਮੋ ਨੇ ਘਰ ਦੀ ਚੰਗੀ ਸੁਆਣੀ ਵਾਂਗ ਆਪਣੀਆਂ ਖਾਹਿਸ਼ਾਂ ਨੂੰ ਪਾਸੇ ਰੱਖ, ਰੋਮੀ ਨੂੰ ਵੱਡੇ ਹੁੰਦੇ ਟੱਬਰ ਬਾਰੇ ਆਪਣੀ ਚਿੰਤਾ ਦੱਸੀ।

"ਨਾ ਫਸਲ ਘਰ ਆਉਣ ਨੂੰ ਕੀ ਰਹਿ ਗਿਆ। ਆਲੂਆਂ ਦੀ ਤਾਂ ਗੱਲ ਹੋਈ ਸੀ, ਜਗੀਰੀ ਵਪਾਰੀ ਨਾਲ। ਮੈਂ ਪੰਜ ਹਜ਼ਾਰ ਮੰਗਿਆ, ਉਹ ਚਾਰ ਹਜ਼ਾਰ ਹੱਥ ਫੜਾਉਂਣ ਨੂੰ ਤਿਆਰ ਹੋ ਗਿਆ। ਮੈਂ ਕਿਹਾ ਘਰ ਬੈਠ ਕੇ ਗਲ ਕਰਾਂਗੇ। ਤੇਰੀ ਵੀ ਤਾਂ ਸਲਾਹ ਲੈਣੀ ਸੀ"।

ਤੀਸਰੇ ਦਿਨ ਜਾ ਕੇ ਕਣਕ ਕੱਢਣ ਦੀ ਵਾਰੀ ਮਿਲੀ। ਤਿੰਨ ਬੰਦੇ ਹੋਰ ਰੋਮੀ ਨੂੰ ਜਾਣ ਪਹਿਚਾਣ ਵਾਲੇ ਮਿਲ ਗਏ। ਪੂਰੀ ਰਾਤ ਮਸ਼ੀਨ ਚਲਦੀ ਰਹੀ। ਬਸ ਸੌ ਕੂ ਭਰੀ ਬਚੀ ਹੋਣੀ, ਚੜ੍ਹਦੇ ਪਾਸੇ ਤੋਂ ਬੱਦਲ ਦੀ ਇੱਕ ਘਟ ਉੱਠੀ, ਮਿੰਟਾਂ 'ਚ ਈ ਸਾਰੇ ਪਾਸੇ ਛਾ ਗਈ। ਐਨੀ ਜ਼ੋਰ ਨਾਲ ਮੀਂਹ ਪਿਆ ਕਿ ਕਿਸੇ ਨੂੰ ਸੰਭਲਣ ਦਾ ਮੌਕਾ ਈ ਨਾ ਮਿਲਿਆ। ਸਭ ਪਾਸੇ ਪਾਣੀ ਹੀ ਪਾਣੀ ਹੋ ਗਿਆ। ਵੱਟ ਬੰਨੇ ਸਭ ਇੱਕ ਹੋ ਗਏ। ਕਣਕ ਦੇ ਬਹੁਤ ਸਾਰੇ ਦਾਣੇ ਪਾਣੀ ਦੀਆਂ ਨਾਲ਼ੀਆਂ ਵਿੱਚ ਰੁੜ੍ਹ ਗਏ। ਬਚੇ ਸਾਰੇ ਦਾਣਿਆਂ ਵਿੱਚ ਪਾਣੀ ਘੁੰਮ ਗਿਆ। ਰਹਿੰਦੀਆਂ ਭਰੀਆਂ ਵਿੱਚ ਪਾਣੀ ਪੈ ਗਿਆ। ਖੇਤ ਪਏ ਆਲੂ ਵੀ ਭਿੱਜ ਗਏ। ਕੁੱਝ ਘੰਟਿਆਂ ਵਿੱਚ ਹੀ ਰੋਮੀ ਦਾ ਸਭ ਕੁੱਝ ਬਰਬਾਦ ਹੋ ਗਿਆ। ਰੋਮੀ ਉੱਜੜ ਗਿਆ। ਰੋਮੀ ਦੇ ਮਾਸੂਮ ਬੱਚਿਆਂ ਦੇ ਸੱਜਰੇ ਸੰਜੋਏ ਸੁਪਨੇ ਮਿੱਟੀ ਤੇ ਵਾਹੀ ਲਕੀਰ ਵਾਂਗ ਮਿਟ ਗਏ। ਦਿਨ ਭਰ ਮੀਂਹ ਪੈਂਦਾ ਰਿਹਾ। ਰੋਮੀ ਦਾ ਪਰਵਾਰ ਆਪਣੀ ਰੁੜ੍ਹੀ ਜਾਂਦੀ ਕਿਸਮਤ ਨੂੰ ਫੜਨ ਦਾ ਯਤਨ ਕਰਦਾ ਰਿਹਾ।

ਸ਼ਾਮ ਨੂੰ ਆ ਕੇ ਆਲੂਆਂ ਦਾ ਵਿਉਪਾਰੀ ਵੀ ਭਿੱਜੇ ਹੋਏ ਆਲੂ ਲੈਣ ਤੋਂ ਨਾਂਹ ਕਰ ਗਿਆ। ਰੋਮੀ ਕੁੱਝ ਨਾ ਬੋਲਿਆ। ਇਸ ਹੋਣੀ ਨੇ ਸਾਰੇ ਟੱਬਰ ਨੂੰ ਖਾਮੋਸ਼ ਕਰ ਦਿੱਤਾ। ਸਾਹ ਸੂਤੇ ਗਏ। ਦਿਨੇ ਤਾਂ ਕਿਸੇ ਨੇ ਕੀ ਖਾਣਾ ਸੀ। ਰਾਤ ਨੂੰ ਵੀ ਰੋਮੀ ਨੇ ਕੁੱਝ ਨਾ ਖਾਧਾ। ਚੁੱਪਚਾਪ ਜਾ ਕੇ ਮੰਜੇ ਤੇ ਲਿਟ ਗਿਆ। ਪ੍ਰੇਮੋ ਨੇ ਵੀ ਬੱਚਿਆਂ ਨੂੰ ਘਰ ਵਿੱਚ ਜੋ ਥੋੜ੍ਹਾ ਬਹੁਤ ਖਾਣ ਲਈ ਪਿਆ ਸੀ ਦੇ ਦਿੱਤਾ। ਆਪ ਬਿਨ ਖਾਧੇ ਰੋਮੀ ਦੇ ਨਾਲ ਪਏ ਮੰਜੇ ਤੇ ਜਾ ਕੇ ਪੈ ਗਈ।

ਤੜਕ ਸਾਰ ਪੰਜ ਕੂ ਵਜੇ ਪ੍ਰੇਮੋ ਦੀ ਭਿਆਨਕ ਚੀਕ ਨਾਲ ਬੱਚੇ ਉੱਠ ਗਏ। ਪੂਰਾ ਮੁਹੱਲਾ ਇਕੱਠਾ ਹੋ ਗਿਆ। ਦੋਨੋਂ ਕੁੜੀਆਂ ਨੇ ਰੋਮੀ ਦੇ ਬੇਜਾਨ ਸਰੀਰ ਨਾਲ ਚਿੰਬੜ ਭੁੱਬਾਂ ਮਾਰ ਮਾਰ ਜ਼ਮੀਨ-ਅਸਮਾਨ ਇਕ ਕਰ ਦਿੱਤਾ। "ਪਾਪਾ ਉੱਠੋ, ਅਸੀਂ ਕੁੱਝ ਨੀ ਲੈਣਾ ਤੁਹਾਤੋਂ। ਪਾਪਾ ਇਕ ਵਾਰ ਉੱਠੋ, ਪਲੀਜ਼ ਪਾਪਾ ਉੱਠੋ, ਅਸੀਂ ਤੁਹਾਤੋਂ ਕਦੀ ਵੀ ਕੁੱਝ ਨੀ ਮੰਗਦੀਆਂ। ਸਾਨੂੰ ਤਾਂ ਸਾਡਾ ਪਾਪਾ ਚਾਹੀਦਾ। ਆਪਣੀਆਂ ਅੱਖਾਂ ਖੋਲ੍ਹੋ ਪਾਪਾ, ਮੰਮਾਂ ਦਾ ਹਾਲ ਦੇਖੋ ਪਾਪਾ"। ਪ੍ਰੇਮੋ ਪਾਗਲਾਂ ਵਾਂਗ ਦੁੱਹਥੜਾਂ ਮਾਰਦੀ ਬਾਹਾਂ ਦੀਆਂ ਚੂੜੀਆਂ ਤੋੜੀ ਜਾ ਰਹੀ ਸੀ। ਦਸ ਕੂ ਸਾਲ ਦਾ ਵੱਡਾ ਮੰਡਾ ਡੌਰ ਭੌਰ ਹੋਇਆ ਕਦੀ ਮਾਂ ਵੱਲ ਦੇਖਦਾ ਕਦੀ ਪਿਓ ਵੱਲ। ਉਸ ਨੂੰ ਕੋਈ ਸਮਝ ਨੀ ਆ ਰਹੀ ਸੀ। ਪਾਪਾ ਵੱਲ ਦੇਖ ਕੇ ਸਾਰੇ ਕਿਉਂ ਰੋ ਰਹੇ ਹਨ। ਛੋਟਾ ਦੀਪ ਹਾਲੇ ਵੀ ਕਿਸੇ ਹੋਰ ਤੁਫਾਨ ਆਉਣ ਤੋਂ ਡਰਦਾ ਵਿਹੜੇ ਵਿੱਚ ਖਿਲਰੇ ਛਿੱਟਿਆਂ ਨੂੰ ਕਾਹਲੀ ਕਾਹਲੀ ਕੱਠੇ ਕਰੀ ਜਾ ਰਿਹਾ ਸੀ।



# ਬਿਹਤਰ ਵਿਵਸਥਾ ਹੀ ਬਣਾ ਸਕਦੀ ਹੈ ਸਮਰੱਥ ਖਿਡਾਰੀ

ਸਤਨਾਮ ਸਿੰਘ ਮਾਣਕ
ਜਲੰਧਰ

ਜਾਪਾਨ ਦੀ ਰਾਜਧਾਨੀ ਟੋਕੀਓ ਵਿਚ 23 ਜੁਲਾਈ ਨੂੰ ਆਰੰਭ ਹੋਈਆਂ 32ਵੀਆਂ ਉਲੰਪਿਕ ਖੇਡਾਂ ਕੋਰੋਨਾ ਮਹਾਂਮਾਰੀ ਦੀਆਂ ਦੁਸ਼ਵਾਰੀਆਂ ਦੇ ਬਾਵਜੂਦ ਮੁਕੰਮਲ ਹੋ ਗਈਆਂ ਹਨ। 8 ਅਗਸਤ ਐਤਵਾਰ ਇਨਾਂ ਖੇਡਾਂ ਦਾ ਆਖਰੀ ਦਿਨ ਸੀ। ਇਸ ਦਿਨ ਹੀ ਇਨਾਂ ਖੇਡਾਂ ਦਾ ਸਮਾਪਤੀ ਸਮਾਰੋਹ ਸੀ। ਅਗਲੀਆਂ ਉਲੰਪਿਕ ਖੇਡਾਂ ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ 2024 ਵਿੱਚ ਹੋਣਗੀਆਂ।

ਟੋਕੀਓ ਉਲੰਪਿਕ ਖੇਡਾਂ ਵਿੱਚ 206 ਦੇਸ਼ਾਂ ਦੇ ਖਿਡਾਰੀਆਂ ਨੇ ਹਿੱਸਾ ਲਿਆ ਹੈ ਭਾਵੇਂ ਕਿ ਜਪਾਨ ਵਿੱਚ ਅਤੇ ਦੁਨੀਆ ਦੇ ਹੋਰ ਦੇਸ਼ਾਂ ਵਿਚ ਚੱਲ ਰਹੀ ਕੋਰੋਨਾ ਮਹਾਂਮਾਰੀ ਕਾਰਨ ਵੱਡੀ ਗਿਣਤੀ ਵਿਚ ਦਰਸ਼ਕ ਟੋਕੀਓ ਜਾ ਕੇ ਇਨ੍ਹਾਂ ਖੇਡਾਂ ਨੂੰ ਨਹੀਂ ਵੇਖ ਸਕੇ ਪਰ ਅਜੋਕੀ ਸੂਚਨਾ ਕ੍ਰਾਂਤੀ ਦੇ ਦੌਰ ਵਿਚ ਟੈਲੀਵਿਜ਼ਨ ਚੈਨਲਾਂ ਡਿਜੀਟਲ ਮੀਡੀਆ ਪਲੇਟਫਾਰਮਾਂ ਅਤੇ ਪ੍ਰਿੰਟ ਮੀਡੀਆ ਰਾਹੀਂ ਦੁਨੀਆ ਭਰ ਵਿਚ ਕਰੋੜਾਂ ਲੋਕ ਇਨ੍ਹਾਂ ਬਾਰੇ ਨਿਰੰਤਰ ਜਾਣਕਾਰੀ ਪ੍ਰਾਪਤ ਕਰਦੇ ਰਹੇ ਹਨ। ਭਾਵੇਂ ਕੌਮੀ ਪੱਧਰ 'ਤੇ ਭਾਰਤ ਵਿਚ ਵਧੇਰੇ ਧਿਆਨ ਕ੍ਰਿਕਟ ਦੀ ਖੇਡ ਵੱਲ ਹੀ ਦਿੱਤਾ ਜਾਂਦਾ ਹੈ ਅਤੇ ਕਾਰੋਬਾਰੀ ਅਦਾਰੇ ਵੀ ਵਧੇਰੇ ਕਰਕੇ ਇਸੇ ਖੇਡ ਨੂੰ ਸਰਪ੍ਰਸਤੀ ਦਿੰਦੇ ਹਨ, ਪਰ ਇਸ ਦੇ ਬਾਵਜੂਦ ਹਰ 4 ਸਾਲ ਬਾਅਦ ਹੁੰਦੀਆਂ ਉਲੰਪਿਕ ਖੇਡਾਂ ਸਾਰੇ ਦੇਸ਼ਾਂ ਦਾ ਧਿਆਨ ਵੱਖ-ਵੱਖ ਖੇਡਾਂ ਵੱਲ ਜ਼ਰੂਰ ਦਿਵਾਉਂਦੀਆਂ ਹਨ। ਜਿਹੜੇ ਦੇਸ਼ ਇਨ੍ਹਾਂ ਖੇਡਾਂ ਵਿਚ ਵਧੇਰੇ ਤਗਮੇ ਹਾਸਲ ਕਰਦੇ ਹਨ ਉਨ੍ਹਾਂ ਦੇਸ਼ਾਂ ਵਿਚ ਇਕ ਤਰ੍ਹਾਂ ਨਾਲ ਜਸ਼ਨ ਦਾ ਮਹੌਲ ਵੀ ਬਣਿਆ ਦੇਖਿਆ ਜਾਂਦਾ ਹੈ। ਲੋਕ ਆਪਣੇ ਖਿਡਾਰੀਆਂ ਦਾ ਵੱਧ-ਚੜ੍ਹ ਕੇ ਸਵਾਗਤ ਕਰਦੇ ਹਨ ਅਤੇ ਉਨ੍ਹਾਂ ਦੀ ਜਿੱਤ ਦਾ ਆਨੰਦ ਮਾਣਦੇ ਹਨ। ਭਾਰਤ ਵਰਗੇ ਖੇਡਾਂ ਦੇ ਪੱਖ ਤੋਂ ਪਛੜੇ ਹੋਏ ਦੇਸ਼ਾਂ ਦੇ ਲੋਕ ਇਹੀ ਸੋਚਣ ਲਈ ਮਜ਼ਬੂਰ ਹੁੰਦੇ ਹਨ ਕਿ ਉਲੰਪਿਕ ਦੀਆਂ ਖੇਡਾਂ ਵਿਚ ਉਨ੍ਹਾਂ ਦੇ ਦੇਸ਼ ਨੂੰ ਵੀ ਕਿਸੇ ਖੇਡ ਵਿਚ ਕੋਈ ਤਗਮਾ ਹਾਸਲ ਹੋਵੇਗਾ? ਖੇਡਾਂ ਦੇ ਪੱਖ ਤੋਂ ਪਛੜੇ ਹੋਏ ਦੇਸ਼ਾਂ ਦੇ ਲੋਕਾਂ ਦੇ ਅੰਦਰ ਇਹ ਸਵਾਲ ਵੀ ਉੱਭਰਦੇ ਹਨ ਕਿ ਆਖ਼ਰ ਉਨ੍ਹਾਂ ਦੇ ਦੇਸ਼ ਉਲੰਪਿਕ ਖੇਡਾਂ ਵਿਚ ਚੰਗੀ ਕਾਰਗੁਜ਼ਾਰੀ ਕਿਉਂ ਨਹੀਂ ਦਿਖਾ ਰਹੇ? ਇਸ ਲਈ ਉਨ੍ਹਾਂ ਦੇ ਦੇਸ਼ਾਂ ਦੀ ਰਾਜਨੀਤਕ ਵਿਵਸਥਾ ਕਿੰਨੀ ਜ਼ਿੰਮੇਵਾਰ ਹੈ ਅਤੇ ਇਸ ਲਈ ਖੇਡ ਸੰਸਥਾਨ ਅਤੇ ਇਥੋਂ ਤੱਕ ਕਿ ਲੋਕਾਂ ਦੀ ਖੇਡਾਂ ਵਿਚ ਦਿਲਚਸਪੀ ਦੀ ਘਾਟ ਕਿਸ ਹੱਦ ਤੱਕ ਜ਼ਿੰਮੇਵਾਰ ਹੈ?

ਪਿਛਲੇ ਦੋ ਹਫ਼ਤਿਆਂ ਤੋਂ ਭਾਰਤ ਦੇ ਬਹੁਤ ਸਾਰੇ ਲੋਕ ਜਿਹੜੇ ਆਪਣੇ ਦੇਸ਼ ਨੂੰ ਪਿਆਰ ਕਰਦੇ ਹਨ ਅਤੇ ਹਰ ਖਿੱਤੇ ਵਿਚ ਦੇਸ਼ ਨੂੰ ਅੱਗੇ ਵਧਦਿਆਂ ਦੇਖਣ ਦੇ ਚਾਹਵਾਨ ਹਨ, ਉਹ ਵੀ ਅਜਿਹੇ ਹੀ ਸਵਾਲਾਂ ਨਾਲ ਦੋ-ਚਾਰ ਹੁੰਦੇ ਨਜ਼ਰ ਆ ਰਹੇ ਹਨ। ਕਿਉਂਕਿ ਇਨ੍ਹਾਂ 32ਵੀਆਂ ਉਲੰਪਿਕ ਖੇਡਾਂ ਵਿਚ ਵੀ 136 ਕਰੋੜ ਦੀ ਆਬਾਦੀ ਵਾਲੇ ਵੱਡੇ ਦੇਸ਼ ਭਾਰਤ ਦੀ ਕਾਰਗੁਜ਼ਾਰੀ ਵਧੇਰੇ ਚੰਗੀ ਨਹੀਂ ਰਹੀ। ਭਾਵੇਂ ਕਿ ਹਾਕੀ ਦੀਆਂ ਦੋਵਾਂ ਟੀਮਾਂ ਨੇ ਪਹਿਲਾਂ ਨਾਲੋਂ ਚੰਗੀ ਕਾਰਗੁਜ਼ਾਰੀ ਦਿਖਾਈ ਹੈ। ਪੁਰਸ਼ਾਂ ਦੀ ਟੀਮ ਕਾਂਸੀ ਦਾ ਤਗਮਾ ਹਾਸਲ ਕਰਨ ਵਿਚ ਸਫਲ ਰਹੀ ਹੈ ਅਤੇ ਲੜਕੀਆਂ ਦੀ ਟੀਮ ਵੀ ਪਹਿਲੀ ਵਾਰ ਸੈਮੀਫਾਈਨਲ ਵਿੱਚ ਪਹੁੰਚ ਗਈ। ਹੋਰ ਵਿਅਕਤੀਗਤ ਖੇਡਾਂ ਦੌਰਾਨ ਸਿਰਫ ਇਕ ਸੋਨ ਤਗਮਾ ਹਾਸਲ ਕਰ ਸਕਿਆ ਹੈ। ਉਹ ਸੋਨ ਤਗਮਾ 7 ਅਗਸਤ ਨੂੰ ਜੈਵਲਿਨ ਥਰੋਅ ਵਿਚ ਨੀਰਜ ਚੋਪੜਾ ਨੇ ਜਿੱਤਿਆ ਹੈ। ਉਂਜ ਵਿਅਕਤੀਗਤ ਖੇਡਾਂ ਵਿਚ ਮੀਰਾ ਬਾਈ ਚਾਨੂੰ, ਲਵਲੀਨਾ ਗੋਰ ਗਹੇਨ, ਰਵੀ ਦਾਹੀਆ ਬਜਰੰਗ ਪੂਨੀਆ ਤੇ ਪੀ.ਵੀ. ਸਿੰਧੂ ਦੀ ਕਾਰਗੁਜ਼ਾਰੀ ਬਿਹਤਰ ਰਹੀ ਹੈ। ਪਰ ਦੇਸ਼ ਦੇ ਆਕਾਰ ਤੇ ਆਬਾਦੀ ਪੱਖੋਂ ਇਨ੍ਹਾਂ ਪ੍ਰਾਪਤੀਆਂ ਨੂੰ ਵੱਡੀਆਂ ਪ੍ਰਾਪਤੀਆਂ ਨਹੀਂ ਮੰਨਿਆ ਜਾ ਸਕਦਾ। ਭਾਰਤ ਨੇ ਸਿਰਫ 7 ਤਗਮੇ ਜਿੱਤੇ ਹਨ, ਜਿਨ੍ਹਾਂ ਵਿੱਚ ਇਕ ਸੋਨੇ ਦਾ, 2 ਚਾਂਦੀ ਦੇ ਅਤੇ 4 ਕਾਂਸੇ ਦੇ ਤਗਮੇ ਸ਼ਾਮਿਲ ਹਨ । ਜੇਕਰ ਹੋਰ ਦੇਸ਼ਾਂ ਦੀ ਤਗਮਾ ਸੂਚੀ ਦੇਖੀ ਜਾਵੇ ਤਾਂ ਅਮਰੀਕਾ 113, ਚੀਨ 88, ਰੂਸ 71, ਇੰਗਲੈਂਡ 65, ਜਾਪਾਨ 58, ਆਸਟਰੇਲੀਆ 46 ਅਤੇ ਨੀਦਰਲੈਂਡ 36 ਤਗਮੇ ਜਿੱਤੇ ਹਨ। ਜੇ ਵੱਖਰੇ ਤੌਰ 'ਤੇ ਸੋਨੇ ਦੇ ਤਗਮਿਆਂ ਨੂੰ ਦੇਖਿਆ ਜਾਵੇ ਤਾਂ ਅਮਰੀਕਾ ਨੇ 39, ਚੀਨ ਨੇ 38, ਜਾਪਾਨ 27, ਇੰਗਲੈਡ 22, ਰਸ਼ੀਅਨ ਉਲੰਪਿਕ ਕਮੇਟੀ 20, ਆਸਟਰੇਲੀਆ 17, ਇਟਲੀ 10, ਜਰਮਨੀ 10, ਅਤੇ ਨੀਦਰਲੈਂਡ ਨੇ 10 ਸੋਨੇ ਦੇ ਤਗਮੇ ਹਾਸਲ ਕੀਤੇ ਹਨ। ਭਾਰਤ ਦੀ ਪੋਜ਼ੀਸ਼ਨ 48ਵੀਂ ਹੈ। ਇਹ ਅੰਕੜੇ ਹੀ ਸਪਸ਼ਟ ਕਰਦੇ ਹਨ ਕਿ ਭਾਰਤ ਇਨ੍ਹਾਂ ਉਲੰਪਿਕ ਖੇਡਾਂ ਵਿੱਚ ਤਗਮੇ ਹਾਸਲ ਕਰਨ ਦੇ ਮਾਮਲੇ ਵਿੱਚ ਕਿੰਨਾ ਪਿੱਛੇ ਖੜ੍ਹਾ ਹੈ ।

ਸਵਾਲ ਘੁੰਮ -ਫਿਰ ਕੇ ਉੱਥੇ ਹੀ ਆ ਖਲੋਂਦਾ ਹੈ ਕਿ ਭਾਰਤ ਤੋਂ ਦੋ ਸਾਲ ਬਾਅਦ ਆਜ਼ਾਦ ਹੋਣ ਵਾਲਾ ਦੇਸ਼ ਚੀਨ ਆਪਣੀਆਂ ਹੋਰ ਖੇਤਰਾਂ ਦੀਆਂ ਪ੍ਰਾਪਤੀਆਂ ਦੇ ਨਾਲ-ਨਾਲ ਖੇਡਾਂ ਦੇ ਪੱਖ ਤੋਂ ਕਿੱਥੇ ਪਹੁੰਚ ਗਿਆ ਹੈ ਅਤੇ ਭਾਰਤ ਕਿੱਥੇ ਖੜ੍ਹਾ ਹੈ। ਜਦੋਂ ਇਸ ਸੰਦਰਭ ਵਿੱਚ ਭਾਰਤ ਦੀਆਂ ਸਥਿਤੀਆਂ ਬਾਰੇ ਚਰਚਾ ਕੀਤੀ ਜਾਂਦੀ ਹੈ ਤਾਂ ਇਹ ਗੱਲ ਵੀ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਆਜ਼ਾਦੀ ਦੇ 74 ਸਾਲ ਪੂਰੇ ਹੋਣ ਤੋਂ ਬਾਅਦ ਵੀ ਨੌਜਵਾਨਾਂ ਨੂੰ ਖੇਡਾਂ ਦੇ ਖੇਤਰ ਵਿੱਚ ਅੱਗੇ ਵਧਾਉਣ ਲਈ ਨਾ ਤਾਂ ਕੋਈ ਪ੍ਰਭਾਵੀ ਨੀਤੀ ਬਣ ਸਕੀ ਅਤੇ ਨਾ ਹੀ ਰਾਜਾਂ ਤੋਂ ਲੈ ਕੇ ਕੌਮੀ ਪੱਧਰ ਤੱਕ ਮਜ਼ਬੂਤ ਖੇਡ ਢਾਂਚਾ ਹੀ ਬਣ ਸਕਿਆ ਹੈ। ਨਾ ਹੀ ਵੱਖ-ਵੱਖ ਖੇਡਾਂ ਲਈ ਹੇਠਲੇ ਪੱਧਰ ਤੋਂ ਲੈ ਕੇ ਉੱਪਰ ਤੱਕ ਲੋੜੀਂਦੇ ਖੇਡ ਮੈਦਾਨ

ਬਣ ਸਕੇ ਹਨ। ਕੇਂਦਰੀ ਸਰਕਾਰਾਂ ਨੇ ਅਤੇ ਵੱਖ-ਵੱਖ ਰਾਜ ਸਰਕਾਰਾਂ ਨੇ ਕੌਮਾਂਤਰੀ ਪੱਧਰ 'ਤੇ ਸਮੱਰਥ ਖਿਡਾਰੀ ਪੈਦਾ ਕਰਨ ਲਈ ਲੋੜੀਂਦਾ ਪੂੰਜੀ ਨਿਵੇਸ਼ ਵੀ ਨਹੀਂ ਦਿੱਤਾ। ਵੱਖ-ਵੱਖ ਖੇਡ ਫੈਡਰੇਸ਼ਨਾਂ ਦਾ ਕੰਮਕਾਜ ਪਾਰਦਰਸ਼ੀ ਅਤੇ ਭ੍ਰਿਸ਼ਟਾਚਾਰ ਤੋਂ ਮੁਕਤ ਨਹੀਂ ਹੈ। ਸਿਆਸਤਦਾਨ ਇਨ੍ਹਾਂ 'ਤੇ ਜਾਇਜ਼-ਨਜਾਇਜ਼ ਢੰਗ ਨਾਲ ਆਪਣੀ ਪਕੜ ਬਣਾਈ ਰੱਖਦੇ ਹਨ। ਇਨ੍ਹਾਂ ਖੇਡਾਂ ਦੀਆਂ ਫੈਡਰੇਸ਼ਨਾਂ ਤੇ ਅਹੁਦੇਦਾਰ ਵੀ ਤਜ਼ਰਬੇਕਾਰ ਖਿਡਾਰੀ ਨਹੀਂ ਬਣਾਏ ਜਾਂਦੇ। ਖਿਡਾਰੀਆਂ ਦੀ ਚੋਣ ਵੀ ਹੇਠਲੀ ਪੱਧਰ ਤੋਂ ਉਪਰ ਤੱਕ ਮੈਰਿਟ 'ਤੇ ਨਹੀਂ ਹੁੰਦੀ। ਬਹੁਤੇ ਕਾਰੋਬਾਰੀ ਅਦਾਰੇ ਵੀ (ਕ੍ਰਿਕਟ ਨੂੰ ਛੱਡ ਕੇ) ਖਿਡਾਰੀਆਂ ਦੀ ਸਰਪ੍ਰਸਤੀ ਲਈ ਅੱਗੇ ਨਹੀਂ ਆਉਂਦੇ। ਖੇਡਾਂ ਇੱਕ ਬਿਹਤਰ ਕਰੀਅਰ ਨਾ ਹੋਣ ਕਰਕੇ ਆਮ ਲੋਕ ਵੀ ਆਪਣੇ ਬੱਚਿਆਂ ਨੂੰ ਖੇਡਾਂ ਲਈ ਪ੍ਰੇਰਿਤ ਨਹੀਂ ਕਰਦੇ।

ਗਰੀਬ ਲੋਕ ਤਾਂ ਹਰ ਵੇਲੇ ਇਹੀ ਸੋਚਣ ਲਈ ਮਜ਼ਬੂਰ ਹਨ ਕਿ ਦੋ ਵੇਲੇ ਦੀ ਰੋਟੀ ਉਨ੍ਹਾਂ ਨੂੰ ਕਿਸ ਤਰ੍ਹਾਂ ਪ੍ਰਾਪਤ ਹੋਵੇਗੀ। ਜਾਂ ਉਨ੍ਹਾਂ ਦੀਆਂ ਜ਼ਿੰਦਗੀ ਦੀਆਂ ਹੋਰ ਜ਼ਰੂਰੀ ਲੋੜਾਂ ਕਿਸ ਤਰ੍ਹਾਂ ਪੂਰੀਆਂ ਹੋਣਗੀਆਂ। ਭਾਰਤ ਵਿੱਚ ਗਰੀਬੀ ਦਾ ਪੱਧਰ ਕੀ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਕੋਰੋਨਾ ਮਹਾਂਵਾਰੀ ਦੇ ਸੰਦਰਭ ਵਿੱਚ ਕੇਂਦਰੀ ਸਰਕਾਰ ਨੇ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਅਧੀਨ ਮੁਫ਼ਤ ਅਨਾਜ ਦੇਣ ਲਈ ਦੇਸ਼ ਦੀ 136 ਕਰੋੜ ਅਬਾਦੀ ਵਿੱਚੋਂ 80 ਕਰੋੜ ਲੋਕਾਂ ਨੂੰ ਚੁਣਿਆਂ ਹੈ। ਐਨੀ ਵੱਡੀ ਗਿਣਤੀ ਵਿੱਚ ਗਰੀਬ ਲੋਕ ਜਦੋਂ ਆਪਣੇ ਬੱਚਿਆਂ ਨੂੰ ਬਿਹਤਰ ਸਿੱਖਿਆ ਅਤੇ ਸਿਹਤ ਸੇਵਾਵਾਂ ਵੀ ਨਹੀਂ ਦਵਾ ਸਕਦੇ ਅਤੇ ਉਨ੍ਹਾਂ ਲਈ ਬਿਹਤਰ ਭੋਜਨ ਦਾ ਪ੍ਰਬੰਧ ਹੀ ਨਹੀਂ ਕਰ ਸਕਦੇ ਤਾਂ ਉਹਨਾਂ ਦੇ ਬੱਚੇ ਖੇਡਾਂ ਜਾਂ ਜ਼ਿੰਦਗੀ ਦੇ ਹੋਰ ਖੇਤਰਾਂ ਵਿੱਚ ਵੱਡੀਆਂ ਪ੍ਰਾਪਤੀਆਂ ਕਿਵੇਂ ਕਰ ਸਕਦੇ ਹਨ। ਸਮਰੱਥ ਮਾਪਿਆਂ ਦੀ ਵੀ ਮੁੱਖ ਤਰਜੀਹ ਇਹ ਹੁੰਦੀ ਹੈ ਕਿ ਉਨ੍ਹਾਂ ਦੇ ਬੱਚੇ ਵੱਡੇ ਹੋ ਕੇ ਡਾਕਟਰ, ਵਕੀਲ, ਇੰਜੀਨੀਅਰ ਜਾਂ ਕਾਰੋਬਾਰੀ ਬਣਨ। ਬਹੁਤ ਘੱਟ ਮਾਪਿਆਂ ਦੀ ਇਹ ਤਰਜੀਹ ਹੁੰਦੀ ਹੈ ਕਿ ਉਨ੍ਹਾਂ ਦੇ ਬੱਚੇ ਖੇਡਾਂ ਨੂੰ ਕਰੀਅਰ ਦੇ ਤੌਰ 'ਤੇ ਚੁਣਨ ਅਤੇ ਆਪਣੀ ਉਮਰ ਦਾ ਬਿਹਤਰ ਹਿੱਸਾ ਖੇਡਾਂ ਨੂੰ ਦੇਣ। ਕਿਉਂਕਿ ਉਹ ਖੇਡਾਂ ਦੇ ਖੇਤਰ ਵਿੱਚ ਆਪਣੇ ਬੱਚਿਆਂ ਦਾ ਸੁਰੱਖਿਤ ਭਵਿੱਖ ਨਹੀਂ ਦੇਖਦੇ ਅਤੇ ਨਾ ਹੀ ਉਨ੍ਹਾਂ ਨੂੰ ਇਹ ਆਸ ਹੁੰਦੀ ਹੈ ਕਿ ਸਰਕਾਰਾਂ ਆਪਣੀ ਜ਼ਿੰਦਗੀ ਦਾ ਲੰਮਾ ਸਮਾਂ ਖੇਡਾਂ ਨੂੰ ਦੇਣ ਵਾਲੇ ਖਿਡਾਰੀਆਂ ਲਈ ਬਿਹਤਰ ਜ਼ਿੰਦਗੀ ਅਤੇ ਬਿਹਤਰ ਰੁਜ਼ਗਾਰ ਦੇ ਮੌਕਿਆਂ ਦਾ ਪ੍ਰਬੰਧ ਕਰਨਗੀਆਂ, ਕਿਉਂਕਿ ਇਸ ਸਬੰਧ ਵਿਚ ਬਾਕਾਇਦਾ ਕੋਈ ਨੀਤੀ ਨਹੀਂ ਹੈ। ਇਹ ਵੱਖਰੀ ਗੱਲ ਹੈ ਕਿ ਕਦੇ-ਕਦਾਈਂ ਜਦੋਂ ਕੋਈ ਖਿਡਾਰੀ ਖੇਡਾਂ ਦੇ ਖੇਤਰ ਵਿਚ ਆਪਣੇ ਯਤਨਾਂ ਨਾਲ ਵੱਡੀ ਪ੍ਰਾਪਤੀ ਕਰ ਲੈਂਦਾ ਹੈ ਤਾਂ ਸੱਤਾਧਾਰੀ ਸਿਆਸਤਦਾਨ ਉਸ ਖਿਡਾਰੀ ਨੂੰ ਮਿਲੀ ਪ੍ਰਸਿੱਧੀ ਵਿਚੋਂ ਕੁਝ ਹਿੱਸਾ ਆਪਣੇ ਨਾਂਅ ਕਰਵਾਉਣ ਲਈ ਉਸ ਲਈ ਵੱਡੇ ਇਨਾਮ ਜਾਂ ਨੌਕਰੀ ਦਾ ਐਲਾਨ ਕਰ ਦਿੰਦੇ ਹਨ। ਇਸ ਤਰ੍ਹਾਂ ਵਾਹ-ਵਾਹ ਖੱਟਣ ਦੀ ਕੋਸ਼ਿਸ਼ ਕਰਦੇ ਹਨ ਪਰ ਖੇਡਾਂ ਨੂੰ ਆਪਣੇ ਜੀਵਨ ਦੇ ਕਈ ਦਹਾਕੇ ਦੇਣ ਵਾਲੇ ਖਿਡਾਰੀਆਂ ਨੂੰ ਰੁਜ਼ਗਾਰ ਮੁਹੱਈਆ ਕਰਨ ਲਈ ਰਾਜਾਂ ਅਤੇ ਕੌਮੀ ਪੱਧਰ 'ਤੇ ਕੋਈ ਸਪੱਸ਼ਟ ਪਾਰਦਰਸ਼ੀ ਨੀਤੀ ਮੌਜੂਦ ਨਹੀਂ ਹੈ।

ਇਸ ਸਾਲ ਜਦੋਂ ਇਹ ਖੇਡਾਂ ਹੋਈਆਂ ਹਨ ਤਾਂ ਇਸ ਦੇ ਨਾਲ ਹੀ ਇਹ ਖ਼ਬਰ ਵੀ ਆਈ ਹੈ ਕਿ ਕੇਂਦਰੀ ਸਰਕਾਰ ਨੇ ਪਹਿਲਾਂ ਦੇ ਮੁਕਾਬਲੇ ਆਪਣੇ ਖੇਡ ਬਜਟ ਵਿਚ ਚੋਖੀ ਕਟੌਤੀ ਕੀਤੀ ਹੈ। ਵੱਖ-ਵੱਖ ਰਾਜਾਂ ਵਲੋਂ ਆਪਣੇ ਸਾਲਾਨਾ ਬਜਟ ਵਿਚ ਖੇਡਾਂ ਲਈ ਕਿੰਨੀ ਪੂੰਜੀ ਰੱਖੀ ਜਾਂਦੀ ਹੈ ਇਸ ਸਬੰਧੀ ਵੀ ਘੱਟ ਹੀ ਖ਼ਬਰਾਂ ਸਾਹਮਣੇ ਆਉਂਦੀਆਂ ਹਨ। ਕਿਉਂਕਿ ਰਾਜ ਸਰਕਾਰਾਂ ਵਲੋਂ ਵੀ ਬਹੁਤ ਨਿਗੂਣੀ ਰਾਸ਼ੀ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਰੱਖੀ ਜਾਂਦੀ ਹੈ। ਇਸ ਸੰਦਰਭ ਵਿਚ ਇਕ ਓਡੀਸ਼ਾ ਹੀ ਅਜਿਹਾ ਰਾਜ ਹੈ ਜਿਸ ਬਾਰੇ ਇਹ ਖ਼ਬਰਾਂ ਆ ਰਹੀਆਂ ਹਨ ਕਿ ਆਪਣੇ ਸਾਲਾਨਾ ਬਜਟ ਵਿਚ ਡੇਢ ਤੋਂ 200 ਕਰੋੜ ਰੁਪਏ ਤੱਕ ਉਹ ਖੇਡਾਂ ਲਈ ਰੱਖਦਾ ਹੈ ਅਤੇ ਹੁਣ ਇਸ ਬਜਟ ਨੂੰ ਵਧਾ ਕੇ 300 ਕਰੋੜ ਕਰਨ ਵਾਲਾ ਹੈ। ਸਾਡੀਆਂ ਹਾਕੀ ਦੀਆਂ ਦੋਵਾਂ ਟੀਮਾਂ ਨੂੰ 2018 ਤੋਂ ਓਡੀਸ਼ਾ ਸਰਕਾਰ ਹੀ ਸਪਾਂਸਰ ਕਰ ਰਹੀ ਹੈ। ਕਿਉਂਕਿ ਹਾਕੀ ਦੀਆਂ ਟੀਮਾਂ ਨੂੰ ਸਪਾਂਸਰ ਕਰਨ ਲਈ ਕੋਈ ਕਾਰੋਬਾਰੀ ਅਦਾਰਾ ਅੱਗੇ ਨਹੀਂ ਸੀ ਆ ਰਿਹਾ। ਓਡੀਸ਼ਾ ਦੇ ਸੰਦਰਭ ਵਿਚ ਇਹ ਖ਼ਬਰ ਵੀ ਆਈ ਹੈ ਕਿ ਮੁੱਖ ਮੰਤਰੀ ਨਵੀਨ ਪਟਨਾਇਕ ਦੀ ਸਰਪ੍ਰਸਤੀ ਹੇਠ ਉਨ੍ਹਾਂ ਦੀ ਸਰਕਾਰ ਖੇਡਾਂ ਨੂੰ ਵਿਸ਼ੇਸ਼ ਤਰਜੀਹ ਦੇ ਰਹੀ ਹੈ। ਬਲਾਕ ਪੱਧਰ 'ਤੇ ਵੱਖ-ਵੱਖ ਖੇਡਾਂ ਲਈ ਬਿਹਤਰ ਖੇਡ ਮੈਦਾਨ ਅਤੇ ਹੋਰ ਸੰਸਥਾਵਾਂ ਬਣਾਈਆਂ ਜਾ ਰਹੀਆਂ ਹਨ ਤਾਂ ਜੋ ਦਿਹਾਤੀ ਖੇਤਰਾਂ ਦੇ ਖਿਡਾਰੀਆਂ ਨੂੰ ਅਭਿਆਸ ਲਈ ਦੂਰ-ਦੁਰਾਡੇ ਨਾ ਜਾਣਾ ਪਵੇ। ਇਸ ਤੋਂ ਇਲਾਵਾ ਦੁਨੀਆਂ ਦਾ ਬਿਹਤਰੀਨ ਹਾਕੀ ਖੇਡ ਸਟੇਡੀਅਮ ਵੀ ਓਡੀਸ਼ਾ ਵਿਚ ਹੀ ਬਣ ਰਿਹਾ ਹੈ ਜਿਹੜਾ ਕਿ ਅਗਲੇ ਸਾਲ ਮੁਕੰਮਲ ਹੋ ਜਾਏਗਾ। 2018 ਤੋਂ ਓਡੀਸ਼ਾ ਨੇ ਵਿਸ਼ਵ ਹਾਕੀ ਕੱਪ ਕਰਾਉਣਾ ਵੀ ਸ਼ੁਰੂ ਕੀਤਾ ਹੈ ਅਤੇ ਅਗਲਾ ਵਿਸ਼ਵ ਹਾਕੀ ਟੂਰਨਾਮੈਂਟ 2023 ਵਿਚ ਉਥੇ ਹੋ ਰਿਹਾ ਹੈ। ਦੂਜੇ ਰਾਜਾਂ ਦੇ ਮੁੱਖ ਮੰਤਰੀਆਂ ਦੇ ਮੁਕਾਬਲੇ ਘੱਟ ਬੋਲਣ ਵਾਲੇ ਅਤੇ ਘੱਟ ਚਰਚਾ ਵਿਚ ਰਹਿਣ ਵਾਲੇ ਮੁੱਖ ਮੰਤਰੀ ਨਵੀਨ ਪਟਨਾਇਕ ਦੀ ਖੇਡਾਂ ਵਿਚ ਇਸ ਦਿਲਚਸਪੀ ਨੇ ਦੇਸ਼ ਭਰ ਦੇ ਲੋਕਾਂ ਦਾ ਧਿਆਨ ਉਹਨਾਂ ਵੱਲ ਖਿੱਚਿਆ ਹੈ ਅਤੇ ਦੇਸ਼ ਦੇ ਲੋਕ ਆਸ ਕਰਦੇ ਹਨ ਕਿ ਦੂਜੀਆਂ ਰਾਜ ਸਰਕਾਰਾਂ ਅਤੇ ਕੇਂਦਰੀ ਸਰਕਾਰ ਵੀ ਇਸੇ ਤਰ੍ਹਾਂ ਦੀ ਬਿਹਤਰ ਵਿਵਸਥਾ ਖੇਡਾਂ ਲਈ ਦੇਸ਼ ਵਿਚ ਸਥਾਪਤ ਕਰਨ ਕਿਉਂਕਿ ਬਿਹਤਰ ਵਿਵਸਥਾ ਤੇ ਬਿਹਤਰ ਖੇਡ ਨੀਤੀ ਨਾਲ ਹੀ ਸਮਰੱਥ ਖਿਡਾਰੀ ਪੈਦਾ ਕੀਤੇ ਜਾ ਸਕਦੇ ਹਨ ਜੋ ਕੌਮਾਂਤਰੀ ਪੱਧਰ 'ਤੇ ਭਾਰਤ ਦਾ ਨਾਂਅ ਚਮਕਾ ਸਕਦੇ ਹਨ ਅਤੇ ਦੁਨੀਆ ਦੀ ਸੱਥ ਵਿਚ ਭਾਰਤ ਨੂੰ ਮਾਣਯੋਗ ਸਥਾਨ

ਦਿਵਾ ਸਕਦੇ ਹਨ।

ਜੇਕਰ ਸਾਡੀਆਂ ਸਰਕਾਰਾਂ ਸੱਤਾ ਹਾਸਲ ਕਰਨ ਲਈ ਜਾਤਾਂ ਅਤੇ ਧਰਮਾਂ ਦੀ ਰਾਜਨੀਤੀ ਕਰਦੀਆਂ ਰਹਿਣਗੀਆਂ ਅਤੇ ਟੀਮ ਭਾਵਨਾ ਵਾਲਾ ਮਾਹੌਲ ਪੈਦਾ ਕਰਕੇ ਦੇਸ਼ ਦੇ ਸਾਰੇ ਲੋਕਾਂ ਨੂੰ ਬਿਹਤਰ ਸਿਹਤ ਅਤੇ ਸਿੱਖਿਆ ਸਹੂਲਤਾਂ ਮੁਹੱਈਆ ਕਰਨ ਅਤੇ ਬਿਨਾਂ ਕਿਸੇ ਤੁਅੱਸਬ ਦੇ ਸਾਰਿਆਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਨੂੰ ਆਪਣੀ ਮੁੱਖ ਤਰਜੀਹ ਨਹੀਂ ਬਣਾਉਂਦੀਆਂ ਤਾਂ ਦੇਸ਼ ਖੇਡਾਂ ਤਾਂ ਕੀ ਕਿਸੇ ਵੀ ਖੇਤਰ ਵਿਚ ਮਾਣਯੋਗ ਪ੍ਰਾਪਤੀਆਂ ਨਹੀਂ ਕਰ ਸਕੇਗਾ। ਦੇਸ਼ ਦੇ ਜਿਨ੍ਹਾਂ-ਜਿਨ੍ਹਾਂ ਲੋਕਾਂ ਨੇ ਵੀ ਭਾਰਤੀ ਹਾਕੀ ਦੀਆਂ ਦੋਵਾਂ ਟੀਮਾਂ ਦੇ ਮੈਚ ਦੇਖੇ ਹਨ ਉਹ ਭਲੀ ਪ੍ਰਕਾਰ ਸਮਝ ਸਕਦੇ ਹਨ ਕਿ ਗੋਲ ਕਰਨ ਲਈ ਟੀਮ ਵਿਚ ਹਰ ਖਿਡਾਰੀ ਦਾ ਇਕ ਮਹੱਤਵਪੂਰਨ ਰੋਲ ਹੁੰਦਾ ਹੈ। ਜੇਕਰ ਦੇਸ਼ ਦੇ ਸਾਰੇ ਲੋਕਾਂ ਨੂੰ ਸਰਕਾਰਾਂ ਵਲੋਂ ਇਕੋ ਜਿੰਨਾ ਮਹੱਤਵ ਨਹੀਂ ਦਿੱਤਾ ਜਾਂਦਾ ਅਤੇ ਸਾਰੇ ਹੀ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੇ ਤੁਅੱਸਬਾਂ ਤੋਂ ਬਿਨਾਂ ਟੀਮ ਭਾਵਨਾ ਨਾਲ ਅੱਗੇ ਨਹੀਂ ਵਧਾਇਆ ਜਾਂਦਾ ਤਾਂ ਦੇਸ਼ ਵੱਡੀਆਂ ਪ੍ਰਾਪਤੀਆਂ ਨਹੀਂ ਕਰ ਸਕਦਾ। ਖੇਡਾਂ ਦਾ ਸਾਡੇ ਸਾਰਿਆਂ ਲਈ ਇਹੀ ਵੱਡਾ ਸਬਕ ਹੈ। ਆਪਣੀਆਂ ਸਾਰੀਆਂ ਕਮੀਆਂ ਕਮਜ਼ੋਰੀਆਂ ਦੂਰ ਕਰਕੇ 2024 ਦੀਆਂ ਉਲੰਪਿਕ ਖੇਡਾਂ ਲਈ ਦੇਸ਼ ਨੂੰ ਹੁਣ ਤੋਂ ਹੀ ਤਿਆਰੀ ਆਰੰਭ ਕਰਨੀ ਚਾਹੀਦੀ ਹੈ। ਨੌਜਵਾਨਾਂ ਨੂੰ ਇਸ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

* * * * *



## ਗਜ਼ਲ

ਜਸਵੰਤ ਸਿੰਘ ਜਗੈਤ
ਕੈਲਗਰੀ (ਕੈਨੇਡਾ)

ਜੋ ਭੇਜਿਆ ਸੀ ਬੇੜੇ ਦਾ ਪਤਵਾਰ, ਕਿਧਰ ਗਿਆ।
ਉਹ ਬੇੜੇ ਵਿੱਚ ਕਰ ਛੇਕ ਹਜ਼ਾਰ, ਕਿਧਰ ਗਿਆ।
ਭੇਜੇ ਬੰਦਿਆਂ ਦੀ ਢਾਣੀ ਵਿੱਚ, ਰੱਬ ਢੂੰਡੇ ਬੰਦਾ।
ਨਾ ਲੱਭੇ ਬੰਦਾ, ਬੰਦੇ ਦਾ ਕਿਰਦਾਰ ਕਿਧਰ ਗਿਆ।
ਝੂਠੇ ਨੂੰ ਝੂਠਾ ਕਹਿਣ ਵਾਲਾ, ਨਾ ਮਿਲੇ ਕੋਈ।
ਸੱਚਾ ਰਾਹ ਦੱਸਣ ਵਾਲਾ, ਸਚਿਆਰ ਕਿਧਰ ਗਿਆ।
ਸਾਧਾਂ ਦੀਆਂ ਚੋਰ, ਪੱਗਾਂ ਲਾਹੀ ਜਾਵਣ।
ਸ਼ਾਂਤੀ ਦਾ ਕਰ ਸੰਕਲਪ, ਵਿਸਾਰ ਕਿਧਰ ਗਿਆ।
ਬੀ ਬੀਜ ਕਿੱਕਰਾਂ ਦੇ, ਫ਼ਸਲ ਦਾਖਾਂ ਦੀ ਹੋਊ।
ਦੱਸਣ ਵਾਲਾ ਨਾ ਲੱਭੇ, ਪੈਰੋਕਾਰ ਕਿਧਰ ਗਿਆ।
ਮਾਣਮੱਤਾ ਚੌਥਾ ਥੰਮ੍ਹ ਪੂਛ ਹਲਾਉਣ ਲੱਗਾ।
ਹੁੰਦਾ ਸੀ ਜੋ ਉਸ ਦਾ ਵਿਵਹਾਰ, ਕਿਧਰ ਗਿਆ।
ਲੋੜ ਅੰਬਾਂ ਦੀ 'ਜਗੈਤ', ਮਾਲੀ ਗਿਣਾਉਂਦਾ ਪੱਤੇ।
ਢਿੱਡ ਭਰ ਖਾਣੇ ਦਾ ਅਧਿਕਾਰ, ਕਿਧਰ ਗਿਆ।



ਕਵਿਤਾ

## ਮੈਂ ਜਿੰਦਾ ਹਾਂ

ਮੂਲ ਲੇਖਕ(ਹਿੰਦੀ)- ਰਾਧੇ ਲਾਲ ਬਿਜਆਵਨੇ;
ਅਨੁਵਾਦਕ-ਪ੍ਰਿਤਪਾਲ ਸਿੰਘ ਜਟਾਣਾ, ਚੰਡੀਗੜ੍ਹ
ਫੋਨ-99153-42742

ਮੈਂ ਜਿੰਦਾ ਹਾਂ-
ਨਾ ਜਾਣੇ ਕਿਹੜੇ ਕਿਹੜੇ ਮੰਤਵਾਂ ਦੇ ਵਾਸਤੇ !
ਜਿੰਦਾ ਹਾਂ ਮੈਂ-
ਹੱਤਿਆਰਿਆਂ ਦੇ ਲਈ
ਜੋ ਮੇਰੀ ਸੋਚ ਅਤੇ
ਵਿਚਾਰਾਂ ਦੀ ਹੱਤਿਆ ਕਰਨੀ ਚਾਹੁੰਦੇ ਹਨ।
ਜਿੰਦਾ ਹਾਂ ਮੈਂ-
ਉਨ੍ਹਾਂ ਦੇ ਖੁਦਕਸ਼ੀ ਕਰਨ ਦੇ ਇੰਤਜ਼ਾਰ ਵਿੱਚ
ਖੜ੍ਹੇ ਲੋਕਾਂ ਨਾਲ
ਜੋ ਅੰਤਿਮ ਪਲਾਂ ਦਾ ਇੰਤਜ਼ਾਰ ਕਰਦੇ ਨੇ !
ਜਿੰਦਾ ਹਾਂ ਮੈਂ-
ਆਪਣੇ ਹੀ ਹੱਕਾਂ ਅਤੇ
ਅਧਿਕਾਰਾਂ ਨੂੰ ਮੁੜ ਲੈਣ ਦੇ ਵਾਸਤੇ !
ਜਿੰਦਾ ਹਾਂ ਮੈਂ-
ਵਹਿਸ਼ੀ ਦੁਨੀਆਂ ਦੇ ਨਾਲ ਮੁਕਾਬਲੇ ਵਿੱਚ
ਮਾਰੇ ਜਾਣ ਦੇ ਵਾਸਤੇ !

* * * * *

## ਸ਼ਰਧਾਂਜਲੀਆਂ

ਸ. ਬਲਬੀਰ ਸਿੰਘ ਸੈਣੀ ਵਾਸੀ ਨਵਾਂ ਨੰਗਲ ਜ਼ਿਲ੍ਹਾ ਰੂਪਨਗਰ ਦੀ ਸੁਪਤਨੀ ਸ਼੍ਰੀਮਤੀ ਹਰਿੰਦਰਜੀਤ ਕੌਰ 3 ਜੁਲਾਈ,2021 ਨੂੰ ਅਕਾਲ ਚਲਾਣਾ ਕਰ ਗਏ ਹਨ। ਆਪ ਬਹੁਤ ਮਿਹਨਤੀ ਔਰਤ ਸਨ ਜਿਨ੍ਹਾਂ ਨੇ ਆਪਣੇ ਪਰਿਵਾਰ ਦਾ ਪਾਲਣਪੋਸ਼ਣ ਪੂਰੀ ਇਮਾਨਦਾਰੀ ਤੇ ਸੁੱਘੜਤਾ ਨਾਲ ਕੀਤਾ। ਸੈਣੀ ਭਵਨ ਦੇ ਪ੍ਰਬੰਧਕ ਆਪ ਦੇ ਚਲਾਣੇ 'ਤੇ ਦੁੱਖ ਪ੍ਰਗਟ ਕਰਦੇ ਹਨ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਸਥਾਨ ਬਖਸ਼ੇ।



ਸ. ਰਛਪਾਲ ਸਿੰਘ ਸੈਣੀ ਵਾਸੀ ਸ਼ਾਮਪੁਰਾ( ਰੂਪਨਗਰ) ਮਿਤੀ 31 ਜੁਲਾਈ, 2021 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਆਪ ਪ੍ਰਸਿੱਧ ਸਮਾਜਸੇਵੀ ਅਤੇ ਸੈਣੀ ਸਮਾਜ ਦੇ ਹਿਤੈਸ਼ੀ ਸ੍ਰੀ ਤਰਸੇਮ ਸੈਣੀ ਪਟਿਆਲਾ ਵਾਸੀ ਦੇ ਚਾਚਾ ਜੀ ਸਨ। ਤਰਸੇਮ ਸੈਣੀ ਜੀ ਸੈਣੀ ਭਵਨ ਰੂਪਨਗਰ ਦੇ ਟਰੱਸਟੀ ਅਤੇ ਸਰਗਰਮ ਸਹਿਯੋਗੀ ਹਨ। ਸ. ਰਛਪਾਲ ਸਿੰਘ ਜੀ ਬਹੁਤ ਹੀ ਹਸਮੁਖ ਅਤੇ ਖੁਸ਼ਤਬੀਅਤ ਸੁਭਾ ਦੇ ਮਾਲਕ ਸਨ। ਅਕਾਲਪੁਰਖ ਆਪ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ।



ਜੀਵਨ ਜਾਚ

# ਪਰਿਵਾਰ ਹੁੰਦਾ ਹੈ ਜ਼ਿੰਦਗੀ ਦੀ ਧਰੋਹਰ

**ਗੁਰਬਿੰਦਰ ਸਿੰਘ ਮਾਣਕ**
**ਪਿੰਡ ਖਰਲ ਕਲਾਂ, ਜਲੰਧਰ**



ਮਨੁੱਖ ਦਾ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਸਮਾਜ ਵਿੱਚ ਵਿਚਰਨਾ ਜ਼ਰੂਰੀ ਹੈ। ਆਦਿ ਕਾਲ ਤੋਂ ਹੀ ਮਨੁੱਖ ਸਮੂਹ ਵਿੱਚ ਵਿਚਰਦਾ ਹੈ। ਆਪਣੀਆਂ ਲੋੜਾਂ ਦੀ ਪੂਰਤੀ ਤੇ ਅਹਿਸਾਸਾਂ ਨੂੰ ਜ਼ੁਬਾਨ ਦੇਣ ਲਈ ਉਸ ਨੂੰ ਕਿਸੇ ਨਾ ਕਿਸੇ ਹੁੰਗਾਰੇ ਦੀ ਲੋੜ ਤਾਂ ਪੈਂਦੀ ਹੀ ਸੀ। ਕੁਦਰਤ ਦੇ ਅਲੋਕਾਰ ਵਰਤਾਰੇ ਦੀ ਬਹੁਤੀ ਸੋਝੀ ਨਾ ਹੋਣ ਕਾਰਨ ਮਨੁੱਖੀ ਮਨ ਵਿੱਚ ਕੁਦਰਤ ਦੀਆਂ ਸ਼ਕਤੀਆਂ ਪ੍ਰਤਿ ਭੈਅ ਤੇ ਡਰ ਦਾ ਜਿਹੜਾ ਅਹਿਸਾਸ ਪਸਰਿਆ ਹੋਇਆ ਸੀ, ਉਸ ਕਾਰਨ ਵੀ ਮਨੁੱਖ ਦਾ ਹੋਰ ਲੋਕਾਂ ਦੀ ਸੰਗਤ ਵਿੱਚ ਵਿਚਰਨਾ ਮਨੁੱਖ ਦੀ ਲੋੜ ਸੀ। ਹਜ਼ਾਰਾਂ ਵਰ੍ਹਿਆਂ ਤੋਂ ਮਨੁੱਖ ਇਸ ਤਰ੍ਹਾਂ ਹੀ ਸਮਾਜ ਵਿੱਚ ਵਿਚਰ ਰਿਹਾ ਹੈ। ਸਮਿਆਂ ਦੇ ਕਿਸੇ ਦੌਰ ਵਿੱਚ ਵੀ ਮਨੁੱਖ ਸਮਾਜ ਤੋਂ ਵੱਖਰਾ ਹੋ ਕੇ ਜੀਵਨ ਜਿਉਣ ਦੇ ਰਾਹ ਨਹੀਂ ਤੁਰਿਆ।

ਪਰਿਵਾਰ, ਸਮਾਜ ਦੀ ਮੁਢਲੀ, ਸ਼ਕਤੀਸ਼ਾਲੀ ਤੇ ਬਹੁਤ ਹੀ ਮਹੱਤਵਪੂਰਨ ਇਕਾਈ ਹੈ। ਇਸ ਤੋਂ ਬਿਨਾਂ ਸ਼ਾਇਦ ਮਨੁੱਖੀ ਜੀਵਨ ਦੀ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ। ਪਰਿਵਾਰ ਤੇ ਸਮਾਜ ਦੀ ਹੋਂਦ ਤੋਂ ਬਿਨਾਂ ਤਾਂ ਆਪਣੇ ਆਪ ਨੂੰ ਜੋਗੀ, ਜਪੀ-ਤਪੀ, ਫਕੀਰ ਤੇ ਮਨੁਖੀ ਅਹਿਸਾਸ ਤੋਂ ਨਿਰਲੇਪ ਹੋਣ ਦਾ ਭਰਮ ਸਿਰਜਣ ਵਾਲੇ ਵੀ ਨਹੀਂ ਬਚ ਸਕੇ। ਭਾਵੇਂ ਇਹ ਸਮਾਜ ਦੇ ਤਿਆਗ ਦਾ ਜਿੰਨਾਂ ਮਰਜ਼ੀ ਢੰਡੋਰਾ ਪਿੱਟਦੇ ਹੋਣ ਪਰ ਰੋਟੀ ਮੰਗਣ ਤੇ ਹੋਰ ਲੋੜਾਂ ਦੀ ਪੂਰਤੀ ਲਈ ਪਰਿਵਾਰਾਂ ਦੇ ਦਰਵਾਜ਼ੇ ਹੀ ਖੜਕਾਉਂਦੇ ਹਨ। ਕੁਦਰਤ ਦੇ ਨੇਮ ਅਨੁਸਾਰ ਜ਼ਿੰਦਗੀ ਦੇ ਹਰ ਖੇਤਰ ਵਿੱਚ ਤਬਦੀਲੀ ਨੇ ਤਾਂ ਵਾਪਰਨਾ ਹੀ ਹੁੰਦਾ ਹੈ। ਸਮਾਜ ਅਨੇਕਾਂ ਦੌਰਾਂ 'ਚੋਂ ਗੁਜ਼ਰਿਆ ਹੈ ਤੇ ਸਮੇਂ ਦੇ ਹਾਲਾਤ ਮੁਤਾਬਕ ਤਬਦੀਲੀਆਂ ਵੀ ਵਾਪਰਦੀਆਂ ਵੀ ਵਾਪਰਦੀਆਂ ਰਹੀਆਂ ਹਨ।

ਸਾਦਗੀ, ਮੋਹ ਪਿਆਰ, ਅਪਣੱਤ ਤੇ ਸਾਝਾਂ ਨਾਲ ਨੱਕੋ-ਨੱਕ ਭਰਿਆ ਜੀਵਨ ਮਾਣਦੇ ਲੋਕ ਸਬਰ-ਸੰਤੋਖ ਵਿੱਚ ਜਿਉਂਦੇ ਕੁਦਰਤ ਦਾ ਸ਼ੁਕਰਾਨਾ ਕਰਦੇ ਨਾ ਥੱਕਦੇ। ਹੈਰਾਨੀਜਨਕ ਗੱਲ ਹੈ ਕਿ ਜਿਉਂ ਜਿਉਂ ਮਨੁੱਖ ਤਰੱਕੀ ਦੀਆਂ ਮੰਜ਼ਲਾਂ ਤੈਅ ਕਰਦਾ ਹੈ, ਤਿਉਂ ਤਿਉਂ ਸਾਂਝੇ ਪਰਿਵਾਰਾਂ ਦਾ ਜੀਵਨ ਹੌਲੀ-ਹੌਲੀ ਅਲੋਪ ਹੁੰਦਾ ਹੁਣ ਬੀਤੇ ਦੀ ਕਹਾਣੀ ਬਣ ਕੇ ਰਹਿ ਗਿਆ ਹੈ। ਹੁਣ ਤਾਂ ਕੋਈ ਵਿਰਲਾ ਹੀ ਟੱਬਰ ਹੋਵੇਗਾ, ਜਿੱਥੇ ਦੋ ਭਰਾਵਾਂ ਦੇ ਟੱਬਰ ਇਕੱਠੇ ਵਸਦੇ ਹੋਣ।

ਆਮ ਤੌਰ 'ਤੇ ਇਕਹਿਰੇ ਪਰਿਵਾਰਾਂ ਵਿੱਚ ਮਾਂ-ਬਾਪ, ਬੱਚੇ ਜਾਂ ਕਿਸੇ ਵਿਰਲੇ ਪਰਿਵਾਰ ਵਿੱਚ ਦਾਦਾ-ਦਾਦੀ ਹੀ ਜੁੰਦੇ ਹਨ। ਸਮੇਂ ਅਨੁਸਾਰ ਬਦਲ ਰਹੀ ਜੀਵਨ-ਸ਼ੈਲੀ ਨੇ ਬਹੁਤੇ ਪਰਿਵਾਰਾਂ ਵਿੱਚ ਜੀਆਂ ਦੀ ਗਿਣਤੀ ਬਹੁਤ ਸੀਮਿਤ ਕਰ ਦਿੱਤੀ ਹੈ। ਹੁਣ ਬਹੁਤੇ ਪਤੀ-ਪਤਨੀ ਦੀ ਮਾਨਸਿਕਤਾ ਇਹੀ ਹੈ ਕਿ ਘਰ ਵਿੱਚ ਬੱਚਿਆਂ ਤੋਂ ਬਿਨਾਂ ਕੋਈ ਹੋਰ ਨਾ ਹੋਵੇ। ਕਈ ਵਾਰ ਤਾਂ ਬੁੱਢੇ ਮਾਂਬਾਪ ਨੂੰ ਵੀ ਕਈ ਪੁੱਤਰ-ਨੂੰਹ ਨਾਲ ਰੱਖਣ ਲਈ ਮਨੋਂ ਤਿਆਰ ਨਹੀ ਹੁੰਦੇ। ਜੇ ਰੱਖ ਵੀ ਲੈਣ ਤਾਂ ਅਕਸਰ ਹੀ ਬੁਢਾਪੇ ਵਿੱਚ ਪਹੁੰਚੇ ਮਾਪਿਆਂ ਦੀ ਸਾਂਭ-ਸੰਭਾਲ ਲਈ ਪਤੀ-ਪਤਨੀ ਝਗੜਦੇ ਰਹਿੰਦੇ ਹਨ। ਹਾਲਾਂਕਿ ਇਹ ਮੰਨਿਆਂ ਹੋਇਆ ਹੈ ਕਿ ਬਜ਼ੁਰਗਾਂ ਦੀ ਸੰਗਤ ਵਿੱਚ ਬੱਚੇ ਬਹੁਤ ਕੁੱਝ ਸਿੱਖਦੇ ਹਨ। ਬਾਤਾਂ, ਵਿਰਸੇ ਨਾਲ ਜੁੜੀਆਂ ਕਹਾਣੀਆਂ, ਪ੍ਰੇਰਣਾਤਮਿਕ ਗੱਲਾਂ, ਬੱਚੇ ਅਕਸਰ ਹੀ ਦਾਦੇ-ਦਾਦੀ ਤੋਂ ਹੀ ਸਿਖਦੇ ਹਨ।

ਕਿਸੇ ਬੱਚੇ ਦੀ ਸਖਸ਼ੀਅਤ ਉਸਾਰੀ ਵਿੱਚ ਘਰ-ਪਰਿਵਾਰ ਦੇ ਬਜ਼ੁਰਗਾਂ ਦੀਆਂ ਪ੍ਰੇਰਨਾਤਮਿਕ ਗੱਲਾਂ, ਨਸੀਹਤਾਂ ਤੇ ਕਿਸੇ ਚੰਗੇ ਕੰਮ ਲਈ ਮਿਲਦਾ ਥਾਪੜਾ ਤੇ ਹੱਲਾਸ਼ੇਰੀ ਜ਼ਿੰਦਗੀ ਦਾ ਬੇਸ਼ਕੀਮਤੀ ਖ਼ਜ਼ਾਨਾ ਹੁੰਦਾ ਹੈ। ਜ਼ਿੰਦਗੀ ਦੇ ਡੂੰਘੇ ਅਨੁਭਵਾਂ 'ਚੋਂ ਕਸ਼ੀਦ ਕੇ ਕੱਢੇ ਤੱਤ ਜਦੋਂ ਬਾਬੇ-ਦਾਦੀਆਂ, ਨਾਨੇ-ਨਾਨੀਆਂ ਅਛੋਪਲੇ ਜਿਹੇ ਹੀ ਬੱਚਿਆਂ ਨਾਲ ਸਾਂਝੇ ਕਰਦੇ ਹਨ ਤਾਂ ਬੱਚਿਆਂ ਦੇ ਮਨ ਵਿੱਚ ਇਹ ਸਦੀਵੀ ਤੌਰ 'ਤੇ ਬੈਠ ਜਾਂਦੇ ਹਨ ਤੇ ਬੱਚੇ ਦੇ ਅਗਲੇਰੇ ਜੀਵਨ ਵਿੱਚ ਇਨ੍ਹਾਂ ਦੀ ਸਾਰਥਿਕ ਭੂਮਿਕਾ ਤੋਂ ਇਨਕਾਰ ਨਹੀ ਕੀਤਾ ਜਾ ਸਕਦਾ।

ਪਰਿਵਾਰ ਭਾਵੇਂ ਵੱਡਾ ਹੋਵੇ ਜਾਂ ਅਜੋਕੇ ਸਮਿਆਂ ਅਨੁਸਾਰ ਇਕਹਿਰੇ ਪਰਿਵਾਰ ਹੋਣ, ਪਰ ਇਹ ਗੱਲ ਪੱਕੀ ਹੈ ਕਿ ਮਨੁੱਖੀ ਜੀਵਨ ਵਿੱਚ ਪਰਿਵਾਰ ਦੀ ਮੁੱਲਵਾਨ ਭੂਮਿਕਾ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਇਹ ਪਰਿਵਾਰ ਹੀ ਹੁੰਦਾ ਹੈ ਜਿਹੜਾ ਤੁਹਾਡਾ ਸੱਚਾ ਹਮਦਰਦ ਹੁੰਦਾ ਹੈ, ਤੁਹਾਨੂੰ ਜ਼ਿੰਦਗੀ ਵਿੱਚ ਸਫਲ ਹੋਇਆਂ ਦੇਖਣ ਲਈ ਤਤਪਰ ਹੁੰਦਾ ਹੈ, ਤੁਹਾਡੇ ਉੱਜਲੇ ਤੇ ਸ਼ਾਨਦਾਰ ਭਵਿੱਖ ਲਈ ਦਿਨ-ਰਾਤ ਦੁਆਵਾਂ ਕਰਨ ਵਾਲਾ ਹੁੰਦਾ ਹੈ। ਤੁਹਾਨੂੰ ਤੱਤੀ ਵਾ ਨਾ ਲੱਗੇ, ਇਸ ਲਈ ਆਪਣੇ ਆਪ ਨੂੰ ਕਸ਼ਟਾਂ ਵਿੱਚ ਪਾ ਕੇ ਤੁਹਾਡੇ ਲਈ ਹਰ ਕੁਰਬਾਨੀ ਕਰਨ ਲਈ ਜੇ ਕੋਈ ਤਿਆਰ ਹੁੰਦਾ ਹੈ ਤਾਂ ਉਹ ਕੇਵਲ ਤੇ ਕੇਵਲ ਤੁਹਾਡਾ ਪਰਿਵਾਰ ਹੀ ਹੁੰਦਾ ਹੈ। ਤੁਸੀਂ ਜੀਵਨ ਵਿੱਚ ਜਦੋਂ ਕੋਈ ਵੱਡੀ ਪ੍ਰਾਪਤੀ ਕਰਦੇ ਹੋ ਤਾਂ ਸਭ ਤੋਂ ਵੱਧ ਜੇ ਕਿਸੇ ਨੂੰ ਖੁਸ਼ੀ ਹੁੰਦੀ ਹੈ ਤਾਂ ਉਹ ਤੁਹਾਡਾ ਪਰਿਵਾਰ ਹੀ ਹੁੰਦਾ ਹੈ। ਜੇ ਕਦੇ ਤੁਸੀਂ ਸਫਲਤਾ ਦੀ ਸਰਦਲ ਟੱਪਣ ਤੋਂ ਰਹਿ ਜਾਓ ਤਾਂ ਵੀ ਤੁਹਾਡਾ ਪਰਿਵਾਰ ਹੀ ਤੁਹਾਨੂੰ ਨਿਰਾਸ਼ਾ ਦੀ ਡੂੰਘੀ ਖਾਈ 'ਚ ਡਿਗਣੋਂ ਬਚਾਉਂਦਾ ਹੈ।

ਤੁਹਾਨੂੰ ਦੁਬਾਰਾ ਹੌਸਲਾ ਦੇ ਕੇ ਤੁਹਾਡੀ ਅੰਦਰਲੀ ਸਮਰੱਥਾ ਨੂੰ ਜਗਾ ਕੇ ਤੁਹਾਡਾ ਪਰਿਵਾਰ ਹੀ ਤੁਹਾਡੇ ਲਈ ਸਫਲਤਾ ਦੇ ਦਰਵਾਜ਼ੇ ਖੋਲ੍ਹਦਾ ਹੈ। ਕੋਈ ਸਾਕ-ਸਬੰਧੀ ਜਾਂ ਦੋਸਤ-ਮਿੱਤਰ ਤੁਹਾਡੇ ਜਿੰਨੇ ਮਰਜ਼ੀ ਨੇੜੇ ਹੋਣ ਪਰ ਜੋ ਪਰਿਵਾਰ ਤੁਹਾਡੇ ਲਈ ਕਰ ਸਕਦਾ ਹੈ, ਉਹ ਹੋਰ ਕੋਈ ਵੀ ਨਹੀਂ ਕਰ ਸਕਦਾ। ਕਈ ਵਾਰ ਅਜੋਕੇ ਬੱਚੇ ਵਿਚਾਰਾਂ ਦੇ ਟਕਰਾਅ ਕਾਰਨ ਮਾਂ-ਬਾਪ ਜਾਂ ਕਿਸੇ ਭੈਣ-ਭਰਾ ਨਾਲ ਗੁੱਸੇ ਹੋ ਜਾਂਦੇ

ਹਨ। ਆਪਣੀ ਗੱਲ ਮਨਾਉਣ ਲਈ ਕੋਈ ਸਾਰਥਿਕ ਤਰਕ ਜਾਂ ਦਲੀਲ ਦੇਣੀ ਬਹੁਤ ਲਾਜ਼ਮੀ ਹੈ। ਜੇ ਪਰਿਵਾਰ ਤੁਹਾਡੀ ਕਿਸੇ ਗੱਲ ਦਾ ਵਿਰੋਧ ਕਰ ਰਿਹਾ ਹੈ ਜਾਂ ਉਹ ਆਪਣੀ ਦਲੀਲ ਨਾਲ ਤੁਹਾਨੂੰ ਕੁੱਝ ਸਮਝਾਉਣ ਦਾ ਯਤਨ ਕਰ ਰਿਹਾ ਹੈ ਤਾਂ ਉਨ੍ਹਾਂ ਦੀ ਗੱਲ ਠਰ੍ਹਮੇ ਨਾਲ ਜ਼ਰੂਰ ਸੁਣਨੀ ਚਾਹੀਦੀ ਹੈ ਕਿਉਂਕਿ ਹੋ ਸਕਦਾ ਹੈ ਕਿ ਉਨ੍ਹਾਂ ਕੋਲ ਤੁਹਾਡੇ ਨਾਲੋਂ ਕੋਈ ਵਧੀਆ ਤਜ਼ਵੀਜ਼ ਹੋਵੇ। ਇਹ ਗੱਲ ਪੱਕੀ ਹੈ ਕਿ ਉਹ ਤੁਹਾਡਾ ਬੁਰਾ ਤਾਂ ਕਦੇ ਵੀ ਨਹੀ ਸੋਚਣਗੇ। ਸੋ ਵਿਚਾਰ-ਵਟਾਂਦਰੇ ਨਾਲ ਹੀ ਕੋਈ ਹੱਲ ਕੱਢਣਾ ਹੀ ਸਮਝਦਾਰੀ ਹੈ। ਪਰਿਵਾਰ ਤੁਹਾਡੀ ਸਫ਼ਲਤਾ ਦੇ ਰਸਤੇ ਵਿੱਚ ਕੋਈ ਅੜਿਕਾ ਖੜ੍ਹੇ ਕਰੇਗਾ, ਅਜਿਹਾ ਤਾਂ ਸੋਚਣਾ ਹੀ ਵਿਅਰਥ ਹੈ।ਯਾਦ ਕਰੋ ਕਿ ਤੁਹਾਡੀ ਪ੍ਰਾਪਤੀ ਦੀ ਸਭ ਤੋਂ ਵੱਧ ਖੁਸ਼ੀ ਕਿਸ ਨੂੰ ਹੋਈ ਸੀ। ਬਿਨਾਂ ਸ਼ੱਕ ਪਰਿਵਾਰ ਦੇ ਜੀਆਂ ਤੋਂ ਵੱਧ ਤੁਹਾਡਾ ਕੋਈ ਸਨੇਹੀ ਤੇ ਸ਼ੁੱਭ-ਚਿੰਤਕ ਨਹੀ ਹੋ ਸਕਦਾ।

ਕਦੇ-ਕਦਾਈਂ ਪਰਿਵਾਰ ਵਿੱਚ ਜੇ ਕੋਈ ਬੋਲ-ਬੁਲਾਰਾ ਹੋ ਵੀ ਜਾਵੇ ਤਾਂ ਇਸ ਨੂੰ ਇੱਕ ਸੁਭਾਵਿਕ ਵਰਤਾਰਾ ਸਮਝ ਕੇ ਛੱਡਣ ਵਿੱਚ ਹੀ ਭਲਾ ਹੈ। ਸਿਆਣੇ ਕਿਹਾ ਕਰਦੇ ਹਨ ਕਿ ਘਰ ਦੀ ਲੜਾਈ ਬਾਹਰ ਗਲ਼ੀ ਵਿੱਚ ਨਹੀਂ ਪਹੁੰਚਣੀ ਚਾਹੀਦੀ। ਜੇ ਤੁਹਾਡੇ ਘਰ ਦੀ ਨਿੱਕੀ ਜਿਹੀ ਗੱਲ ਵੀ ਘਰ ਤੋਂ ਬਾਹਰ ਜਾ ਪਹੁੰਚੀ ਤਾਂ ਸਮਝੋ ਖੰਭਾਂ ਦੀਆਂ ਡਾਰਾਂ ਬਣ ਜਾਂਦੀਆਂ ਹਨ। ਹੁਣ ਤਾਂ ਘਰਾਂ ਦੇ ਝਗੜੇ ਵੀ ਅਦਾਲਤਾਂ ਤੱਕ ਛੇਤੀ ਹੀ ਪਹੁੰਚ ਜਾਂਦੇ ਹਨ। ਸਿਆਣਪ ਦਾ ਇਹੀ ਤਕਾਜ਼ਾ ਹੈ ਕਿ ਘਰ ਦਾ ਝਗੜਾ ਘਰ ਵਿੱਚ ਹੀ ਨਜਿੱਠ ਲਿਆ ਜਾਵੇ। ਜੇ ਕਿਸੇ ਕੋਲੋਂ ਕੋਈ ਗਲਤੀ ਹੋ ਗਈ ਹੈ ਤਾਂ ਆਪਣੇ ਪਰਿਵਾਰ ਦੇ ਜੀਆਂ ਤੋਂ ਮੁਆਫੀ ਮੰਗਣ ਨਾਲ ਕੋਈ ਹੀਣਾ ਨਹੀ ਹੋ ਜਾਂਦਾ। ਸਿਆਣੇ ਕਹਿੰਦੇ ਨੇ ਇਸ ਨਾਲ ਮਨੁੱਖ ਦਾ ਕੱਦ ਹੋਰ ਉੱਚਾ ਹੋ ਜਾਂਦਾ ਹੈ।

ਮੋਬਾਈਲ, ਕੰਪਿਊਟਰ,ਟੀਵੀ ਵਰਗੇ ਅਜੋਕੇ ਤਕਨੀਕੀ ਸਾਧਨ ਮਨੁੱਖੀ ਜੀਵਨ ਦੀ ਬਿਹਤਰੀ ਲਈ ਹਨ ਨਾ ਕਿ ਬਰਬਾਦੀ ਲਈ। ਜੇ ਘਰ ਦੇ ਚਾਰ ਜੀਅ ਵੀ ਸਾਰਾ ਦਿਨ ਮੋਬਾਈਲ 'ਤੇ ਹੀ ਰੁੱਝੇ ਰਹਿਣ ਤਾਂ ਨਵੀਂ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਪੈਦਾ ਹੋਣਾ ਸੁਭਾਵਿਕ ਹੈ। ਪਰਿਵਾਰ ਦੇ ਜੀਆਂ ਨੂੰ ਰਲਮਿਲ ਬੈਠ ਕੇ ਗੱਲਾਂ ਕਰਦਿਆਂ ਜਿਹੜੀ ਖੁਸ਼ੀ ਦਾ ਅਨੁਭਵ ਹੁੰਦਾ ਹੈ ਉਸ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਔਖਾ ਹੈ। ਹਰ ਖੁਸ਼ੀ-ਗਮੀ ਜਾਂ ਕਿਸੇ ਨਵੇਂ ਅਨੁਭਵ ਨੂੰ ਪਰਿਵਾਰ ਦੇ ਜੀਆਂ ਨਾਲ ਸਾਂਝਾ ਕਰਦਿਆਂ ਆਪਸੀ ਸਾਂਝ ਤੇ ਅਪਣਤ ਵਧਦੀ ਹੈ।

ਸਿੱਖਿਆ, ਵਿਗਿਆਨ, ਤਕਨਾਲੋਜੀ, ਸਾਹਿਤ, ਆਰਥਿਕਤਾ, ਸਮਾਜਿਕ ਜੀਵਨ, ਕੰਮ-ਧੰਦੇ ਆਦਿ ਦੇ ਪਰਿਵਰਤਨਾਂ ਨੇ ਮਨੁੱਖੀ ਜੀਵਨ ਨੂੰ ਅਨੇਕਾਂ ਢੰਗਾਂ ਨਾਪ ਪ੍ਰਭਾਵਿਤ ਕੀਤਾ ਹੈ। ਪਰ ਇਸ ਸਭ ਕੁੱਝ ਦੇ ਬਾਵਜੂਦ ਮਨੁੱਖੀ ਜੀਵਨ ਵਿੱਚ ਪਰਿਵਾਰ ਦੀ ਅਹਿਮੀਅਤ ਪਹਿਲਾਂ ਵਾਂਗ ਹੀ ਬਰਕਰਾਰ ਹੈ। ਬਦਲ ਰਹੇ ਸਮਿਆਂ ਨੇ ਪਰਿਵਾਰਿਕ ਇਕਾਈ ਨੂੰ ਢਾਹ ਲਾਈ ਹੈ। ਆਧੁਨਿਕ ਹੋਣ ਦਾ ਭਾਵ ਇਹ ਨਹੀਂ ਕਿ ਤੁਸੀਂ ਜੀਵਨ ਦੀਆਂ ਮਰਿਯਾਦਾਵਾਂ ਨੂੰ ਹੀ ਤਿਲਾਂਜਲੀ ਦੇ ਕੇ ਕਿਸੇ ਅੰਨ੍ਹੀ ਗਲ਼ੀ ਦੇ ਪਾਂਧੀ ਬਣ ਜਾਓ। ਜੀਵਨ ਦੇ ਹਰ ਤਰ੍ਹਾਂ ਦੇ ਵਿਕਾਸ ਲਈ ਪਰਿਵਾਰ ਤੋਂ ਵੱਧ ਸ਼ਕਤੀਸ਼ਾਲੀ ਕੋਈ ਹੋਰ ਸੰਸਥਾ ਨਹੀਂ।

* * * * *

## ਐਲ. ਆਰ. ਮੁੰਦਰਾ ਮੈਮੋਰੀਅਲ ਸਕਾਲਰਸਿੱਪ ਲਈ ਅਰਜ਼ੀਆਂ ਦੀ ਮੰਗ

ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਸੈਣੀ ਭਵਨ ਰੂਪਨਗਰ ਵਲੋਂ ਉਚੇਰੀ ਸਿੱਖਿਆ ਨੂੰ ਉਤਸਾਹਿਤ ਕਰਨ ਲਈ ਇੱਕ ਵਿਸ਼ੇਸ਼ ਐਲ. ਆਰ. ਮੁੰਦਰਾ ਮੈਮੋਰੀਅਲ ਸਕਾਲਰਸਿੱਪ ਨਾਂ ਦਾ ਸਕਾਲਰਸਿੱਪ ਦਿੱਤਾ ਜਾਂਦਾ ਹੈ। ਟਰੱਸਟ ਵਲੋਂ ਸਾਲ 2021-22 ਦੌਰਾਨ ਐਲ. ਆਰ. ਮੁੰਦਰਾ ਮੈਮੋਰੀਅਲ ਸਕਾਲਰਸਿੱਪ ਤਹਿਤ 25 ਹਜ਼ਾਰ ਰੁਪਏ ਮਹੀਨਾ (ਤਿੰਨ ਲੱਖ ਰੁਪਏ ਸਾਲਾਨਾ) ਦਾ ਵਜ਼ੀਫਾ ਦਿੱਤਾ ਜਾਣਾ ਹੈ। ਟਰੱਸਟ ਵਲੋਂ ਇਹ ਵਜ਼ੀਫਾ ਡੋਨਰ ਦੀ ਇੱਛਾ ਅਨੁਸਾਰ ਸਿਰਫ ਸੈਣੀ ਬਰਾਦਰੀ ਦੇ ਉਸ ਸਿੱਖਿਆਰਥੀ ਨੂੰ ਹੀ ਦਿੱਤਾ ਜਾਵੇਗਾ ਜੋ ਸਿੱਖਿਆਰਥੀ ਕਿਸੇ ਕੌਮੀ ਪੱਧਰ ਦੀ ਗੌਰਵਮਈ ਸੰਸਥਾ ਤੋਂ ਟੈਕਨਾਲੋਜੀ, ਸਾਇੰਸ, ਮੈਨੇਜਮੈਂਟ, ਕਮਰਸ ਜਾਂ ਮਾਸ ਮੀਡੀਆ ਆਦਿ ਦੇ ਖੇਤਰ 'ਚ ਪੋਸਟਗ੍ਰੈਜੂਏਸ਼ਨ/ ਖੋਜ਼ ਦੀ ਉਚੇਰੀ ਪੜ੍ਹਾਈ ਕਰਦਾ ਹੋਵੇਗਾ। ਇਹ ਵਜ਼ੀਫਾ ਲੈਣ ਦੇ ਇੱਛਕ ਸਿੱਖਿਆਰਥੀ 15 ਨਵੰਬਰ 2021 ਤੱਕ ਆਪਣੀ ਅਰਜੀ ਨਿਰਧਾਰਤ ਫਾਰਮ 'ਤੇ ਭਰਕੇ ਜੋਕਿ ਸੈਣੀ ਭਵਨ ਤੋਂ ਨਿੱਜੀ ਤੌਰ ਤੇ ਜਾਂ ਸੈਣੀ ਭਵਨ ਦੀ Website:www.sainibhawan.org ਤੋਂ ਪ੍ਰਾਪਤ ਕਰਕੇ ਭੇਜ ਸਕਦੇ ਹਨ। ਇਹ ਵਜ਼ੀਫਾ ਲੈਣ ਲਈ ਸੈਣੀ ਬਰਾਦਰੀ ਦੇ ਪੰਜਾਬ ਤੋਂ ਇਲਾਵਾ ਹਿਮਾਚਲ ਪ੍ਰਦੇਸ਼, ਹਰਿਆਣਾ, ਦਿਲੀ ਅਤੇ ਚੰਡੀਗੜ੍ਹ ਤੋਂ ਵਿੱਦਿਆਰਥੀ ਅਪਲਾਈ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ 9815636079, 9872220400, 9417602835, 9463588741 ਅਤੇ 8360090816 ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ। ਸਿੱਖਿਆਰਥੀ ਦੀ ਚੋਣ ਪੰਜ ਮਾਹਰਾਂ ਦੀ ਕਮੇਟੀ ਵਲੋਂ ਕੀਤੀ ਜਾਵੇਗੀ।

* * * * *

ਹਨੇਰਾ ਹੋਣ ਤੋਂ ਪਹਿਲਾਂ ਦਰਾਂ ਨੂੰ ਭੇੜ ਲੈਂਦੇ ਹਾਂ।
ਇਹ ਕੈਸਾ ਖੌਫ ਛਾਇਆ ਹੈ ਘਰਾਂ ਅੰਦਰ ਦਰਾਂ ਅੰਦਰ।
ਕਦੇ ਵੀ ਰੁੱਖ ਨਹੀਂ ਉਹ ਵੇਖਦੇ ਮਾਰੂ ਹਵਾਵਾਂ ਦਾ ਬਹਾਦੁਰ
ਲੰਘਦੇ ਤੂਫਾਨ ਪਾ ਕੇ ਕਿਸ਼ਤੀਆਂ ਅੰਦਰ।
-ਬਲਬੀਰ ਸਿੰਘ ਸੈਣੀ ਨੰਗਲ

# ਬਦਾਮ ਦੀ ਕਹਾਣੀ

ਇੱਕ ਵਾਰੀ ਦੀ ਗੱਲ ਹੈ ਕਿ ਇੱਕ ਰੋਗੀ ਕਿਸੇ ਚੰਗੇ ਵੈਦ ਕੋਲ ਗਿਆ ਅਤੇ ਆਪਣਾ ਰੋਗ ਦਿਖਾਇਆ। ਉਸ ਉਤਮ ਵੈਦ ਨੇ ਰੋਗ ਦੀ ਪਛਾਣ ਕਰ ਕੇ ਉਸ ਨੂੰ ਨਵਿਰਤ ਕਰਨ ਲਈ ਬਦਾਮ ਰੋਗਨ ਦੀ ਵਰਤੋਂ ਕਰਨੀ ਦੱਸੀ। ਬੀਮਾਰ ਆਦਮੀ ਦੇ ਇਕ ਮਿੱਤਰ ਨੇ ਬਦਾਮ ਲਿਆਂਦੇ ਅਤੇ ਲਿਆ ਕੇ ਉਨ੍ਹਾਂ ਨੂੰ ਤੋੜਨਾ ਆਰੰਭ ਕਰ ਦਿੱਤਾ। ਬਦਾਮ ਰੋਗਨ ਗਿਰੀ ਵਿਚੋਂ ਨਿਕਲਣਾ ਸੀ। ਗਿਰੀ ਦੇ ਉਪਰ ਛਿਲਕਾ ਸੀ, ਛਿਲਕੇ ਦੇ ਉੱਪਰ ਇਕ ਹੋਰ ਸਖ਼ਤ ਛਿੱਲ। ਜਦੋਂ ਉਸ ਸੱਜਣ ਨੇ ਛਿਲਕਾ ਭੰਨਿਆਂ ਤਾਂ ਕਹਿੰਦੇ, ਕਿ ਛਿਲਕੇ ਨੇ ਉਸ ਉਤੇ ਸੁਆਲ ਕਰ ਦਿੱਤਾ ਕਿ ਮੇਰਾ ਕੀ ਕਸੂਰ ਹੈ, ਜਿਸ ਕਰ ਕੇ ਤੂੰ ਮੈਨੂੰ ਅਪਰਾਧੀ ਠਹਿਰਾ ਕੇ ਇਹ ਸਜ਼ਾ ਦਿੱਤੀ ਏ।

ਉਸ ਸੱਜਣ ਪੁਰਸ਼ ਨੇ ਕਿਹਾ, "ਭਾਈ ਤੈਂ ਇਕ ਉੱਤਮ ਚੀਜ਼ ਨੂੰ ਆਪਣੇ ਅੰਦਰ ਛੁਪਾਇਆ ਹੋਇਆ ਹੈ ਤੇ ਇਹੋ ਤੇਰਾ ਅਪਰਾਧ ਹੈ, ਇਸ ਕਰਕੇ ਤੈਨੂੰ ਭੰਨਿਆਂ ਗਿਆ ਹੈ"। ਛਿਲਕੇ ਨੇ ਫਿਰ ਕਿਹਾ, "ਦੇਖੋ ਜੀ, ਮੈਂ ਅਪਰਾਧੀ ਨਹੀਂ, ਮੈਂ ਤਾਂ ਸਗੋਂ ਉਪਕਾਰੀ ਹਾਂ। ਜਿਸ ਉੱਤਮ ਪਦਾਰਥ ਨੂੰ ਮੈਂ ਆਪਣੇ ਵਿੱਚ ਸੰਭਾਲ ਰੱਖਿਆ ਹੈ, ਉਸ ਦੀ ਰੱਖਿਆ ਕਰਨੀ, ਅਨੇਕ ਕਿਸਮ ਦੇ ਪੰਛੀਆਂ, ਠੰਢ, ਗਰਮੀ ਤੋਂ ਬਚਾਉਣਾ ਤੇ ਆਪ ਹੀ ਸਾਰੇ ਦੁੱਖ ਝੱਲਣੇ, ਕੀ ਇਹ ਕਿਸੇ ਅਪਰਾਧੀ ਦਾ ਕੰਮ ਹੁੰਦਾ ਹੈ, ਜਾਂ ਉਪਕਾਰੀ ਦਾ। ਇਸ ਵਾਸਤੇ ਮੈਨੂੰ ਲਾਹ ਕੇ ਤੂੰ ਬਹੁਤ ਧੱਕਾ ਕੀਤਾ ਹੈ"।

ਉਸ ਸੱਜਣ ਪੁਰਸ਼ ਨੇ ਕਿਹਾ, "ਹੇ ਮੰਦ-ਆਤਮਾ ਵਸਤੂ, ਤੈਨੂੰ ਇਹ ਪਤਾ ਨਹੀਂ ਕਿ ਤੇਰਾ ਇਸ ਉੱਤਮ ਪਦਾਰਥ ਕਰਕੇ ਹੀ ਮਾਣ ਹੈ ਸੀ। ਜੇ ਉਹ ਤੇਰੇ ਵਿੱਚ ਨਾ ਹੁੰਦਾ ਤਾਂ ਨਾ ਤੇਰੀ ਕੋਈ ਪਰਵਰਸ਼ ਕਰਦਾ ਅਤੇ ਨਾ ਤੂੰ ਇਸ ਤਰ੍ਹਾਂ ਮਹਿੰਗੇ ਮੁੱਲ ਵਿਕਦਾ। ਤੇਰੇ ਜਿਹੀਆਂ ਗਿਟਕਾਂ ਸੜਕਾਂ ਉਤੇ ਅਨੇਕਾਂ ਰੁਲਦੀਆਂ ਫਿਰਦੀਆਂ, ਕਦੋਂ ਕਿਸੇ ਨੇ ਸੰਭਾਲਣੀਆਂ ਸਨ? ਇਸ ਲਈ ਤੈਂ ਇੱਕ ਉੱਤਮ ਚੀਜ਼ ਨੂੰ ਆਪਣੇ ਵਿੱਚ ਬੰਦ ਕਰ ਕੇ ਰੱਖਿਆ ਸੀ, ਜਿਸ ਕਰਕੇ ਤੈਨੂੰ ਜ਼ਰੂਰ ਦੰਡ ਮਿਲਣਾ ਚਾਹੀਦਾ ਹੈ"। ਇਹ ਆਖ ਕੇ ਉਸ ਸੱਜਣ ਨੇ ਛਿਲਕੇ ਨੂੰ ਤੋੜ ਕੇ ਵਿਚੋਂ ਗਿਰੀ ਕੱਢ ਲਈ। ਉਸ ਪਿਛੋਂ ਬਦਾਮ ਦੇ ਉਪਰਲੇ ਲਾਲ ਛਿਲਕੇ ਨੂੰ ਭਿਉਂ ਕੇ ਜਦੋਂ ਲਾਹੁਣ ਦੀ ਕੋਸ਼ਿਸ਼ ਕਰਨ ਲੱਗਿਆ ਤਾਂ ਕਹਿੰਦੇ ਕਿ ਉਹ ਛਿਲਕਾ ਵੀ ਬੋਲ ਪਿਆ।

ਛਿਲਕੇ ਨੇ ਕਿਹਾ, "ਹੇ ਭਲੇ ਆਦਮੀ, ਤੂੰ ਮੇਰੇ ਉਤੇ ਇਹ ਜ਼ੁਲਮ ਕਿਉਂ ਕਰਨ ਲੱਗਾ ਏਂ? ਇਹ ਮੈਨੂੰ ਕਿਸ ਅਪਰਾਧ ਦਾ ਦੰਡ ਦਿੱਤਾ ਜਾ ਰਿਹਾ ਹੈ ਕਿ ਤੁਸੀਂ ਮੇਰੀ ਚਮੜੀ ਉਧੇੜਨ ਤੇ ਤੁਲੇ ਹੋਏ ਹੋ"? ਉਸ ਸੱਜਣ ਪੁਰਸ਼ ਨੇ ਕਿਹਾ, "ਓ ਦੁਸ਼ਟ ਛਿਲੜ, ਕੀ ਤੈਨੂੰ ਪਤਾ ਨਹੀਂ ਕਿ ਤੂੰ ਇੱਕ ਉੱਤਮ ਪਦਾਰਥ ਨੂੰ ਆਪਣੇ ਵਿੱਚ ਲੁਕਾਇਆ ਹੋਇਆ ਹੈ? ਇਸ ਲਈ ਤੈਨੂੰ ਇਹ ਦੰਡ ਜ਼ਰੂਰ ਮਿਲੇਗਾ"। ਇਹ ਕਹਿ ਕੇ ਉਸ ਨੇ ਪਾਣੀ ਵਿੱਚ ਭਿੱਜੀਆਂ ਗਿਰੀਆਂ ਉੱਤੋਂ ਲਾਲ ਲਾਲ ਛਿਲਕੇ ਉਸ ਲਾਹ ਸੁੱਟੇ। ਛਿਲਕੇ ਉਤਾਰ ਕੇ ਜਦੋਂ ਉਸ ਨੇ ਚਿੱਟੀ ਗਿਰੀ ਨੂੰ ਅਲੱਗ ਕਰ ਕੇ ਰਗੜੇ ਹੇਠ ਧਰਿਆ, ਕੂੰਡੇ ਸੋਟੇ ਵਿੱਚ ਰਗੜਨ ਲਈ, ਰਗੜਾ ਸ਼ੁਰੂ ਹੋਣ ਲੱਗਿਆ ਤਾਂ ਕਹਿੰਦੇ, ਉਹ ਚਿੱਟੀਆਂ ਗਿਰੀਆਂ ਵੀ ਬੋਲ ਪਈਆਂ, "ਹੇ ਭਲੇ ਤੇ ਉੱਤਮ ਮਨੁੱਖ ਤੂੰ ਦੇਖਣ ਚਾਖਣ ਵਿੱਚ ਬੜਾ ਦਇਆਵਾਨ ਲਗਦਾ ਹੈਂ, ਸਾਡੇ ਉੱਤੇ ਇਹ ਜ਼ੁਲਮ ਕਿਉਂ? ਅਸੀਂ ਤੇਰਾ ਕੀ ਵਿਗਾੜਿਆ ਹੈ ਜਿਸ ਕਰਕੇ ਤੂੰ ਸਾਨੂੰ ਰਗੜਾ ਲਾ ਲਾ ਕੇ ਖ਼ਤਮ ਕਰਨ ਉਤੇ ਤੁਲਿਆ ਬੈਠਾ ਹੈ"?

ਉਸ ਸੱਜਣ ਪੁਰਸ਼ ਨੇ ਕਿਹਾ,"ਦੇਖੋ ਭਾਈ, ਤੁਹਾਡਾ ਬਹੁਤ ਵੱਡਾ ਅਪਰਾਧ ਹੈ ਕਿ ਤੁਸੀਂ ਇਸ ਐਸੀ ਵਸਤੂ ਜੋ ਰੋਗੀਆਂ ਲਈ ਗੁਣਕਾਰੀ ਅਤੇ ਕੀਮਤੀ ਹੈ, ਆਪਣੇ ਵਿੱਚ ਸਮਾ ਰੱਖੀ ਹੈ। ਹੁਣ ਜਿੰਨਾ ਚਿਰ ਉਸ ਚੀਜ਼ ਯਾਨੀ ਬਦਾਮ ਰੋਗਨ ਤੋਂ ਤੁਸੀਂ ਅਲਹਿਦਾ ਨਹੀਂ ਕੀਤੇ ਜਾਂਦੇ ਉੱਨਾ ਚਿਰ ਉਹ ਚੀਜ਼ ਪ੍ਰਗਟ ਨਹੀਂ ਹੋ ਸਕਦੀ। ਉਸ ਨੂੰ ਛੁਪਾ ਕੇ ਰੱਖਣਾ ਤੁਹਾਡਾ ਬਹੁਤ ਭਾਰੀ ਅਪਰਾਧ ਹੈ, ਜੋ ਕਦੇ ਮੁਆਫ ਨਹੀਂ ਹੋ ਸਕਦਾ"। ਇਹ ਕਹਿ ਕੇ ਕੂੰਡੇ ਸੋਟੇ ਦੇ ਰਗੜਿਆਂ ਹੇਠ ਸਾਰੀਆਂ ਗਿਰੀਆਂ ਭੰਨ ਸੁੱਟੀਆਂ ਤੇ ਉਨ੍ਹਾਂ ਨੂੰ ਨਿਚੋੜ ਕੇ ਵਿਚੋਂ ਸੁੰਦਰ ਤੇ ਸਵੱਛ ਬਦਾਮ ਰੋਗਨ ਕੱਢ ਲਿਆ, ਜਿਸ ਨਾਲ ਉਸ ਵਿਚਾਰੇ ਰੋਗੀ ਦੇ ਰੋਗ ਵੀ ਦੂਰ ਹੋਏ ਤੇ ਕੱਢਣ ਵਾਲੇ ਨੂੰ ਵੀ ਆਪਣੇ ਹੱਥਾਂ ਦੀ ਖੁਸ਼ਕੀ ਦੂਰ ਕਰਨ ਦਾ ਸੁਭਾਗ ਮਿਲ ਗਿਆ।

ਸਿਆਣੇ ਲੋਕ ਦੱਸਦੇ ਹੁੰਦੇ ਹਨ ਕਿ ਜਿਸ ਤਰ੍ਹਾਂ ਬਦਾਮ ਕਿੰਨੇ ਹੀ ਪੜਦਿਆਂ ਵਿੱਚ ਰੰਮਿਆ ਤੇ ਛੁਪਿਆ ਹੋਇਆ ਹੈ, ਇਹੋ ਹਾਲ ਸਾਡੀ ਆਤਮਾ ਦਾ ਹੈ, ਜਿਸ ਨੂੰ ਬਿਬੇਕ ਦੇ ਹਥਿਆਰਾਂ ਨਾਲ ਤੋੜ ਕੇ ਪ੍ਰਗਟ ਕਰਕੇ ਲਾਭ ਉਠਾਉਣਾ ਚਾਹੀਦਾ ਹੈ।

......ਸਫਾ 11 ਦੀ ਬਾਕੀ

ਕੁੱਲ 6 ਤਮਗੇ ਜਿੱਤੇ। ਨਿਸ਼ਾਨੇਬਾਜ਼ ਵਿਜੇ ਕੁਮਾਰ ਤੇ ਸਫਾ ਪਹਿਲਵਾਨ ਸੁਸ਼ੀਲ ਕੁਮਾਰ ਨੇ 1-1 ਚਾਂਦੀ ਦਾ ਤਮਗਾ ਜਿੱਤਿਆ। ਮੁੱਕੇਬਾਜ਼ ਐਮ.ਸੀ ਮੈਰੀਕੋਮ, ਬੈਡਮਿੰਟਨ ਖਿਡਾਰਨ ਸਾਇਨਾ ਨੇਹਵਾਲ, ਨਿਸ਼ਾਨੇਬਾਜ਼ ਗਗਨ ਨਾਰੰਗ ਤੇ ਪਹਿਲਵਾਨ ਯੋਗੇਸ਼ਵਰ ਦੱਤ ਨੇ ਕਾਂਸੀ ਦੇ ਤਮਗੇ ਜਿੱਤੇ।2016 ਵਿਚ ਰੀਓ ਵਿਖੇ ਬੈਡਮਿੰਟਨ ਖਿਡਾਰਨ ਪੀਵੀ ਸਿੰਧੂ ਨੇ ਚਾਂਦੀ ਅਤੇ ਪਹਿਲਵਾਨ ਸਾਕਸ਼ੀ ਮਲਿਕ ਨੇ ਕਾਂਸੀ ਦਾ ਤਮਗਾ ਜਿੱਤਿਆ। 2021 ਦੀਆਂ ਟੋਕੀਓ ਓਲੰਪਿਕਸ ਵਿੱਚ ਭਾਰਤ ਨੇ 7 ਤਮਗੇ ਜਿੱਤੇ ਹਨ ਜਿਨ੍ਹਾਂ ਵਿੱਚ 1ਸੋਨ, 2 ਚਾਂਦੀ ਤੇ 4 ਕਾਂਸੀ ਤਮਗੇ ਹਨ।



## Life without Water is not possible on Earth

Jaswant Singh
Ropar

Human body is mainly made of water as approximately ¾ of it is comprised of water. Water makes the life go on earth. Human beings' survival is not possible without water. After air the top necessity of any creature on earth is drinking water.

A man can create, generate and produce limitless worldly items but producing water is beyond his reach. It is solely in the domain of nature. A man can save water.

The main source of water is underground water which exists in the lower layers of earth beneath the upper surface of earth. In last some years it has been noticed that the underground water level has gone down and the menace of loss of water is increasing day by day. The depletion of underground water has developed to alarming stage and one day it may totally elude us leaving little room to recover to normal. Over exploitation of water through tubewells has brought the situation to this pass. Although at present we are in position to fulfill our daily water needs. But it will not be too far when the danger of acute scarcity of water will start opening its jaws wide open before the living posterity. In this grave developing scenario we are required to give serious thought to it and do whatsoever possible to check further depletion and make amends to the harm already caused. For coming generations' safety substantial measures must be taken without further delay.

Saving water on individuals' level by economizing its use in their daily needs will of course help to some extent only. But for thwarting the imminent water draught danger recharging of water into the lower layers of earth will be the only method. Recharging of storm water will be the best way to contain the situation and that too by bigger scale mechanism. Recharging can also be done at different venues and in various ways. The main source of recharging can of course be done by harvesting storm water. Besides that recharging can also be done in regularly flowing rivers, canals and other water supplying infrastructure. By recharging, water is percolated deep into the lower layers of earth. It starts fulfilling the void created by excessive extraction and exploitation of water. Gradually It will help bringing the level of water up. But as loss of water is already too huge recharging will still take quite considerable time to bring water to previous level. In the process of recharging it must be ensured that water being sent down is fully clean, pure and unpolluted. Leaving first few showers of rainy water it is best for recharging as it is undoubtedly clean and unpolluted. In rainy season you get limitless quantity of water and if managed properly there is lot of scope for diverting it for recharging. It can be harvested, stored and recharged. Generally storm water goes waste and sometimes cause the unexpected flood havoc as well.. Besides governments' large scale projects a common citizen or the NGOs can also participate in recharging by harvesting their roof top rainy water and also of play grounds, parks, etc. Recharging of rainy water will certainly solve all the ensuing underground water scarcity problems.

As regards Punjab, checking of further depletion of ground water can be made very easily because Punjab has at least three rivers flowing in its territory. All the agricultural irrigation needs of Punjab be fulfilled only by the rivers and canals and the use of tubewells be stopped at all. The required network should be increased and strengthened. Even for potable water used for domestic purposes the use of rivers and canals be made to maximum extent.

# ਖੇਤੀ ਸੰਕਟ ਦਾ ਹੱਲ

ਡਾ. ਰਣਜੀਤ ਸਿੰਘ
ਲੁਧਿਆਣਾ



ਪੰਜਾਬ ਵਿੱਚ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ। ਇਨ੍ਹਾਂ ਵਿੱਚੋਂ ਬਹੁਤਿਆਂ ਕੋਲ ਟ੍ਰੈਕਟਰ ਹਨ। ਆਪਣੀ ਆਮਦਨ ਵਿੱਚ ਵਾਧਾ ਕਰਨ ਅਤੇ ਟ੍ਰੈਕਟਰ ਦੀ ਪੂਰੀ ਵਰਤੋਂ ਕਰਨ ਲਈ ਇਹ ਕਿਸਾਨ ਜ਼ਮੀਨ ਠੇਕੇ 'ਤੇ ਵੀ ਲੈਂਦੇ ਹਨ। ਇਸ ਕਰ ਕੇ ਪੰਜਾਬ ਵਿੱਚ ਦੁਜੇ ਸੂਬਿਆਂ ਨਾਲੋਂ ਠੇਕੇ ਦੇ ਰੇਟ ਵੱਧ ਹਨ। ਸਰਕਾਰ ਵਲੋਂ ਘੱਟੋਘੱਟ ਸਮਰਥਨ ਮੁੱਲ ਉੱਤੇ ਕਣਕ ਅਤੇ ਝੋਨੇ ਦੀ ਖਰੀਦ ਯਕੀਨੀ ਬਣਾਉਣ ਕਰ ਕੇ ਕਣਕ-ਝੋਨਾ ਪੰਜਾਬ ਦਾ ਮੁੱਖ ਫਸਲ ਚੱਕਰ ਬਣ ਗਿਆ ਹੈ। ਸਾਉਣੀ ਵਿੱਚ ਝੋਨਾ ਕੋਈ 30 ਲੱਖ ਹੈਕਟੇਅਰ ਅਤੇ ਹਾੜ੍ਹੀ ਵਿੱਚ ਕਣਕ 35 ਲੱਖ ਹੈਕਟੇਅਰ ਦੇ ਕਰੀਬ ਜ਼ਮੀਨ ਵਿੱਚ ਬੀਜੇ ਜਾਂਦੇ ਹਨ। ਇਹ ਦੋਵੇਂ ਫਸਲਾਂ ਘੱਟ ਖਤਰੇ ਵਾਲੀਆਂ ਹਨ ਅਤੇ ਇਨ੍ਹਾਂ ਦੀ ਕਾਸ਼ਤ ਲਈ ਬਹੁਤੀ ਮਿਹਨਤ ਨਹੀਂ ਕਰਨੀ ਪੈਂਦੀ। ਇਸ ਫਸਲੀ ਚੱਕਰ ਨਾਲ ਕਿਸਾਨ ਦੀ ਆਮਦਨ ਵਿੱਚ ਵਾਧਾ ਹੋਇਆ ਸੀ। ਉਸ ਨੇ ਚੰਗਾ ਜੀਵਨ ਜਿਉਣ ਦਾ ਸੁਫਨਾ ਵੇਖਿਆ ਸੀ। ਪਰ ਸਮੇਂ ਦੇ ਬੀਤਣ ਨਾਲ ਹਰ ਸਾਲ ਮਹਿੰਗਾਈ ਵਿੱਚ ਵਾਧਾ ਹੋ ਰਿਹਾ ਹੈ। ਕਣਕ-ਝੋਨੇ ਦੀ ਕੀਮਤ ਵਿੱਚ ਉਸੇ ਅਨੁਪਾਤ ਵਿੱਚ ਵਾਧਾ ਨਹੀਂ ਹੁੰਦਾ। ਇੰਜ ਕਿਸਾਨ ਦੀ ਸ਼ੁੱਧ ਆਮਦਨ ਹਰ ਸਾਲ ਘਟ ਰਹੀ ਹੈ। ਕਿਸਾਨ ਝੋਨੇ ਦੀ ਕਾਸ਼ਤ ਉੱਚੀਆਂ ਅਤੇ ਰੇਤਲੀਆਂ ਜ਼ਮੀਨਾਂ ਵਿੱਚ ਵੀ ਕਰਨ ਲੱਗਾ ਹੈ, ਜਿਸ ਨਾਲ ਧਰਤੀ ਹੇਠਲੇ ਪਾਣੀ ਦੀ ਕਮੀ ਹੋ ਰਹੀ ਹੈ। ਇਸ ਫਸਲ ਚੱਕਰ ਵਿੱਚ ਕੇਵਲ ਚਾਰ ਕੁ ਮਹੀਨੇ ਹੀ ਕੰਮ ਹੁੰਦਾ ਹੈ, ਵਿਹਲ ਵੱਧ ਹੈ, ਜਿਸ ਨਾਲ ਬੇਰੁਜ਼ਗਾਰੀ ਵਿੱਚ ਵਾਧਾ ਹੋ ਰਿਹਾ ਹੈ। ਵਿਹਲਾ ਬੰਦਾ ਨਸ਼ਿਆਂ ਵੱਲ ਵੀ ਮੁੜਦਾ ਹੈ। ਇਸ ਫਸਲ ਚੱਕਰ ਨਾਲ ਬਹੁਤ ਸਾਰੀਆਂ ਰਵਾਇਤੀ ਫਸਲਾਂ ਅਲੋਪ ਹੋ ਗਈਆਂ ਹਨ। ਇੱਥੋਂ ਤੱਕ ਕਿ ਘਰ ਦੀ ਲੋੜ ਲਈ ਵੀ ਕਿਸਾਨ ਸਬਜ਼ੀ ਦੀ ਕਾਸ਼ਤ ਨਹੀਂ ਕਰਦਾ। ਇੰਜ ਉਸ ਨੂੰ ਘਰੇਗੀ ਲੋੜਾਂ ਲਈ ਬਹੁਤੀ ਖਰੀਦਦਾਰੀ ਬਾਜ਼ਾਰ ਵਿੱਚੋਂ ਕਰਨੀ ਪੈਂਦੀ ਹੈ ਜਿਸ ਨਾਲ ਖਰਚੇ ਵਿੱਚ ਵਾਧਾ ਹੋਇਆ ਹੈ।

ਸਰਕਾਰ ਹੁਣ ਕਣਕ-ਝੋਨੇ ਦੀ ਖਰੀਦ ਤੋਂ ਪਿੱਛਾ ਛੁਡਾਉਣਾ ਚਾਹੁੰਦੀ ਹੈ। ਨਵੇਂ ਖੇਤੀ ਕਾਨੂੰਨ ਇਸੇ ਕਰ ਕੇ ਹੀ ਪਾਸ ਕੀਤੇ ਗਏ ਹਨ। ਕਿਸਾਨ ਧਰਨੇ ਉੱਤੇ ਬੈਠਾ ਹੈ ਪਰ ਸਰਕਾਰ ਦੇ ਕੰਨਾਂ ;ਤੇ ਜੂੰ ਵੀ ਨਹੀਂ ਸਰਕ ਰਹੀ। ਜੇਕਰ ਮੰਨ ਵੀ ਲਈਏ ਕਿ ਖੇਤੀ ਕਾਨੂੰਨ ਲਾਗੂ ਨਹੀਂ ਹੋਣਗੇ ਤਾਂ ਵੀ ਸਰਕਾਰ ਕਿਸੇ ਨਾ ਕਿਸੇ ਬਹਾਨੇ ਕਣਕ-ਝੋਨੇ ਦੀ ਖਰੀਦ ਵਿੱਚ ਫ਼ੁਚਰਾਂ ਖੜ੍ਹੀਆਂ ਕਰੇਗੀ। ਨਵੀਆਂ ਸਥਿਤੀਆਂ ਦਾ ਸਾਹਮਣਾ ਕਰਨ ਲਈ ਕਿਸਾਨ ਨੂੰ ਚਾਹੀਦਾ ਹੈ ਕਿ ਉਹ ਆਪਣੀ ਖੇਤੀ ਨੂੰ ਨਵਾਂ ਮੋੜ ਦੇਣ ਦਾ ਯਤਨ ਕਰੇ। ਮਹਿੰਗੀ ਠੇਕੇ 'ਤੇ ਜ਼ਮੀਨ ਲੈ ਕੇ ਕਣਕ-ਝੋਨਾ ਬੀਜਣ ਦੀ ਬਿਜਾਏ ਮਿੱਸੀ ਖੇਤੀ ਵੱਲ ਰੁਝਾਨ ਕਰੇ। ਇਸ ਨਾਲ ਠੇਕੇ ਵਾਲੀ ਰਕਮ ਬਚ ਜਾਵੇਗੀ। ਟੱਬਰ ਦੇ ਸਾਰੇ ਬੰਦੇ ਕਾਰੇ ਲੱਗ ਜਾਣਗੇ ਅਤੇ ਆਮਦਨ ਵਿੱਚ ਰੋਜ਼ਾਨਾ ਵਾਧਾ ਹੋਣ ਲੱਗੇਗਾ। ਹੁਣ ਪੰਜਾਬ ਨੂੰ ਇੱਕ ਹੋਰ ਸਦਾਬਹਾਰ ਖੇਤੀ ਇਨਕਲਾਬ ਸਿਰਜਣ ਦੀ ਲੋੜ ਹੈ। ਪਹਿਲੇ ਹਰੇ ਇਨਕਲਾਬ ਨੇ ਕਿਸਾਨ ਦੀ ਹਾਲਤ ਵਿੱਚ ਸੁਧਾਰ ਕੀਤਾ ਸੀ। ਇਸ ਨੂੰ ਬਣਾਈ ਰੱਖਣ ਲਈ ਹੁਣ ਦੂਜਾ ਇਨਕਲਾਬ ਲੋੜੀਂਦਾ ਹੈ।

ਇਸ ਵਿਚ ਕੋਈ ਸੱਕ ਨਹੀਂ ਕਿ ਪੰਜਾਬ ਦੀ ਖੇਤੀ ਇੱਕ ਨਾਜ਼ਕ ਦੌਰ ਵਿੱਚੋਂ ਲੰਘ ਰਹੀ ਹੈ। ਬਹੁਗਿਣਤੀ ਕਿਸਾਨ ਕਰਜ਼ਈ ਹਨ ਅਤੇ ਕਿਸਾਨ-ਖੁਦਕੁਸ਼ੀਆਂ ਵਿੱਚ ਵਾਧਾ ਹੋ ਰਿਹਾ ਹੈ ਪਰ ਯਤਨ ਕੀਤਿਆਂ ਪੰਜਾਬ ਦੀ ਖੇਤੀ ਨੂੰ ਮੁੜ ਲੀਹੇ ਪਾਇਆ ਜਾ ਸਕਦਾ ਹੈ। ਪੰਜਾਬ ਦੇ ਕਿਸਾਨ ਮਿਹਨਤੀ ਹਨ, ਸਾਡੀ ਧਰਤੀ ਵਾਹੀਯੋਗ ਅਤੇ ਸੇਂਜੂ ਹੈ। ਇੱਥੇ ਸਾਰੇ ਹੀ ਮੌਸਮ ਆਉਂਦੇ ਹਨ ਜਿਸ ਕਰ ਕੇ ਫ਼ਸਲੀ ਵਿਭਿੰਨਤਾ ਬਹੁਤ ਹੈ।

ਹੁਣ ਤੱਕ ਸਾਰੇ ਯਤਨ ਉਪਜ ਵਿੱਚ ਵਾਧੇ ਲਈ ਹੁੰਦੇ ਰਹੇ ਹਨ ਪਰ ਹੁਣ ਕਿਸਾਨ ਦੀ ਆਮਦਨ ਵਿੱਚ ਵਾਧੇ ਲਈ ਯਤਨਾਂ ਦੀ ਲੋੜ ਹੈ। ਮਿੱਸੀ ਖੇਤੀ ਦੇ ਅਜਿਹੇ ਪੈਕੇਜ ਤਿਆਰ ਕੀਤੇ ਜਾਣ ਜਿਨ੍ਹਾਂ ਨਾਲ ਕਿਸਾਨ ਦੀ ਆਮਦਨ ਵਿੱਚ ਵਾਧਾ ਹੋਵੇ ਅਤੇ ਪਰਿਵਾਰ ਦੇ ਸਾਰੇ ਜੀਆਂ ਨੂੰ ਕਾਰੇ ਲਾਇਆ ਜਾ ਸਕੇ। ਖੇਤੀ ਵਿਕਾਸ ਦਾ ਅਧਾਰ ਖੇਤੀ ਖੋਜ ਹੈ। ਖੇਤੀ ਖੋਜ ਨੂੰ ਸਹੀ ਦਿਸ਼ਾ ਦੇਣ ਲਈ ਸਾਰੇ ਰਾਜਾਂ ਵਿੱਚ ਖੇਤੀਬਾੜੀ ਯੂਨੀਵਰਸਿਟੀਆਂ ਬਣਾਈਆਂ ਗਈਆਂ ਸਨ। ਇਨ੍ਹਾਂ ਨੇ ਵਧੀਆ ਕੰਮ ਕੀਤਾ ਹੈ। ਭਵਿੱਖ ਵਿੱਚ ਖੋਜ ਦਾ ਸਾਰਾ ਧਿਆਨ ਉਨ੍ਹਾਂ ਢੰਗ ਤਰੀਕਿਆਂ ਨੂੰ ਲੱਭਣ ਵੱਲ ਹੋਣਾ ਚਾਹੀਦਾ ਹੈ, ਜਿਨ੍ਹਾਂ ਨਾਲ ਕਿਸਾਨ ਦੀ ਆਮਦਨ ਵਿੱਚ ਵਾਧਾ ਹੋਵੇ। ਸਰਕਾਰ ਕਿਸਾਨ ਦੀ ਉਪਜ ਦਾ ਮੁੱਲ ਆਪਣੀ ਮਰਜ਼ੀ ਨਾਲ ਮਿੱਥਦੀ ਹੈ, ਜਿਸ ਵਿੱਚ ਬਹੁਤ ਘੱਟ ਮੁਨਾਫ਼ਾ ਰੱਖਿਆ ਜਾਂਦਾ ਹੈ। ਇਸ ਕਰ ਕੇ ਸਰਕਾਰ ਦੀ ਹੀ ਜ਼ਿੰਮੇਵਾਰੀ ਬਣਦੀ ਹੈ ਕਿ ਕਿਸਾਨ ਨੂੰ ਹੋਣ ਵਾਲੇ ਨੁਕਸਾਨ ਦੀ ਭਰਪਾਈ ਕੀਤੀ ਜਾਵੇ ਅਤੇ ਉਸ ਦੇ ਬੀਮੇ ਦੀ ਕਿਸ਼ਤ ਆਪ ਭਰੇ। ਕਿਸਾਨ ਨੂੰ ਆਮਦਨ ਵਿੱਚ ਵਾਧੇ ਲਈ ਮਿੱਸੀ ਖੇਤੀ ਕਰਨੀ ਪਵੇਗੀ। ਇਸ ਦਾ ਅਰਥ ਹੈ ਕਿ ਫ਼ਸਲਬਾੜੀ ਦੇ ਨਾਲ ਸਬਜ਼ੀਆਂ, ਡੇਅਰੀ, ਪਸ਼ੂਪਾਲਣ, ਖੁੰਬਾਂ, ਸ਼ਹਿਦ ਦੀਆਂ ਮੱਖੀਆਂ, ਘਰੇਲੂ ਦਸਤਕਾਰੀ ਤੇ ਖੇਤੀ ਉਪਜ ਦਾ ਪਦਾਰਥੀਕਰਨ ਆਦਿ ਕਰਨਾ ਚਾਹੀਦਾ ਹੈ। ਇਸ ਦੀ ਸਫ਼ਲਤਾ ਲਈ ਜਿੱਥੇ ਸਰਕਾਰ ਨੂੰ ਵਿਤੀ ਸਹਾਇਤਾ ਕਰਨੀ ਚਾਹੀਦੀ ਹੈ ਉੱਥੇ ਇੱਕ ਸਲਾਹਕਾਰ ਬੋਰਡ ਵੀ ਬਣਾਇਆ ਜਾਵੇ ਜਿਹੜਾ ਕਿਸਾਨਾਂ ਨੂੰ

ਧੰਦਾ ਚੋਣ ਕਰਨ ਅਤੇ ਉਪਜ ਦੀ ਵਿਕਰੀ ਲਈ ਦਿਸ਼ਾ ਨਿਰਦੇਸ਼ ਦੇਵੇ। ਛੋਟੇ ਕਿਸਾਨਾਂ ਨੂੰ ਬਹੁਤ ਹੀ ਘੱਟ ਵਿਆਜ 'ਤੇ ਬਿਨਾਂ ਸ਼ਰਤਾਂ ਤੋਂ ਕਰਜ਼ਾ ਦਿੱਤਾ ਜਾਵੇ।

ਇਲਾਕੇ ਲਈ ਢੁਕਵੇਂ ਕਾਰਜਾਂ ਜਾਂ ਫ਼ਸਲਾਂ ਦੀ ਚੋਣ ਕਰ ਕੇ ਕਿਸਾਨਾਂ ਦੇ ਸਮੂਹ ਬਣਾਏ ਜਾਣ। ਸਰਕਾਰ ਵਲੋਂ ਤਕਨੀਕੀ ਜਾਣਕਾਰੀ ਦੇ ਨਾਲ ਨਾਲ ਉਤਪਾਦਨ ਲਈ ਹੋਰ ਚੀਜ਼ਾਂ ਵੀ ਵਾਜਬ ਕੀਮਤਾਂ ਉੱਤੇ ਅਤੇ ਸ਼ੁੱਧ ਰੂਪ ਵਿੱਚ ਪ੍ਰਾਪਤ ਕਰਨ ਵਿੱਚ ਸਹਾਇਤਾ ਕੀਤੀ ਜਾਵੇ। ਉਪਜ ਦੇ ਪਦਾਰਥੀਕਰਨ ਅਤੇ ਵਿੱਕਰੀ ਵਿੱਚ ਮਾਰਗ ਦਰਸ਼ਨ ਕਰਨ ਦੀ ਵੀ ਲੋੜ ਹੈ। ਇੰਜ ਹੁਣ ਵਾਲੇ ਪਸਾਰ ਤੇ ਪ੍ਰਚਾਰ ਢਾਂਚੇ ਨੂੰ ਜਿੱਥੇ ਮਜ਼ਬੂਤ ਕਰਨ ਦੀ ਲੋੜ ਹੈ, ਉੱਥੇ ਇਸ ਵਿੱਚ ਬਦਲਾਅ ਵੀ ਜ਼ਰੂਰੀ ਹੈ। ਇਸ ਦੇ ਨਾਲ ਹੀ ਪਿੰਡਾਂ ਦੇ ਮੁੰਡਿਆਂ ਨੂੰ ਉਨ੍ਹਾਂ ਦੀ ਪਸੰਦ ਅਨੁਸਾਰ ਤਕਨੀਕੀ ਸਿਖਲਾਈ ਦੇ ਕੇ ਪਿੰਡ ਵਿੱਚ ਹੀ ਕਾਰੋਬਾਰ ਸ਼ੁਰੂ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ। ਪਿੰਡਾਂ ਦੇ ਸਕੂਲਾਂ ਅਤੇ ਤਕਨੀਕੀ ਸੰਸਥਾਵਾਂ ਨੂੰ ਸਮੇਂ ਦੇ ਹਾਣੀ ਬਣਾਇਆ ਜਾਵੇ।

ਕਿਸਾਨਾਂ ਨੂੰ ਆਪਣੀਆਂ ਜਥੇਬੰਦੀਆਂ ਬਣਉਣੀਆਂ ਚਾਹੀਦੀਆਂ ਹਨ ਜੋ ਰਾਜਨੀਤੀ ਤੋਂ ਮੁਕਤ ਹੋਣ। ਇੰਜ ਕਿਸਾਨ ਸਾਂਝੇ ਤੌਰ 'ਤੇ ਬੀਜ, ਖਾਦ, ਮਸ਼ੀਨਰੀ ਅਤੇ ਕੀਟਨਾਸ਼ਕ ਆਦਿ ਖਰੀਦ ਸਕਦੇ ਹਨ। ਉਨ੍ਹਾਂ ਨੂੰ ਵਾਜਬ ਕੀਮਤ 'ਤੇ ਸ਼ੁੱਧ ਤੇ ਸਹੀ ਸਮੱਗਰੀ ਮਿਲ ਜਾਵੇਗੀ। ਆਪਣੀ ਜਿਣਸ ਦੀ ਵਿੱਕਰੀ ਲਈ ਵੀ ਸਾਂਝੇ ਯਤਨ ਕੀਤੇ ਜਾ ਸਕਦੇ ਹਨ ਅਤੇ ਜਿਣਸ ਨੂੰ ਦੁਰਾਡੀਆਂ ਮੰਡੀਆਂ ਵਿੱਚ ਲਿਜਾਇਆ ਜਾ ਸਕਦਾ ਹੈ। ਹੁਣ ਮੁੜ ਇੱਕ ਸੰਯੁਕਤ ਪ੍ਰੋਗਰਾਮ ਦੀ ਲੋੜ ਹੈ ਤਾਂ ਜੋ ਪੰਜਾਬ ਦੀ ਖੇਤੀ ਨੂੰ ਲੀਹੇ ਪਾਇਆ ਜਾ ਸਕੇ ਅਤੇ ਕਿਸਾਨਾਂ ਨੂੰ ਆਰਥਿਕ ਸੰਕਟ ਵਿੱਚੋਂ ਕੱਢਿਆ ਜਾ ਸਕੇ। ਇਲਾਕੇ ਦੀ ਖਾਸੀਅਤ ਅਨੁਸਾਰ ਕਿਸੇ ਫ਼ਸਲ, ਫ਼ਲ, ਸਬਜ਼ੀਆਂ ਜਾਂ ਘਰੋਗੀ ਧੰਦੇ ਨੂੰ ਕਿਸਾਨ ਗਰੁੱਪਾਂ ਰਾਹੀਂ ਉਤਸਾਹਿਤ ਕੀਤਾ ਜਾਵੇ। ਵਪਾਰੀ ਆਪ ਚੱਲ ਕੇ ਉਸ ਇਲਾਕੇ ਵਿੱਚ ਆਪਣੀ ਲੋੜ ਪੂਰੀ ਕਰਨ ਲਈ ਖਰੀਦ ਕਰਨ ਆਉਣਗੇ।

ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਮੰਡੀਬੋਰਡ ਤੇ ਦੂਜੇ ਸਬੰਧਿਤ ਵਿਭਾਗਾਂ ਰਾਹੀਂ ਮਿੱਥੇ ਗਏ ਘੱਟੋਘੱਟ ਸਮਰਥਨ ਮੁੱਲ ਤੋਂ ਹੇਠਾਂ ਕਿਸੇ ਵੀ ਉਪਜ ਦੀ ਵਿਕਰੀ ਨਾ ਹੋਣ ਦਿੱਤੀ ਜਾਵੇ। ਕਿਸਾਨ ਤੇ ਰਾਜ ਸਰਕਾਰ ਜੇ ਰਲ ਕੇ ਕੰਮ ਕਰਨ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਕਿਸਾਨ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਇਸ ਪਾਸੇ ਯਤਨ ਕੀਤੇ ਜਾਣ। ਮੌਜੂਦਾ ਸੰਘਰਸ਼ ਨਾਲ ਜਿਹੜੀ ਚੇਤਨਤਾ ਜਾਗੀ ਹੈ ਅਤੇ ਏਕਤਾ ਹੋਈ ਹੈ ਇਸ ਨੂੰ ਬਰਕਰਾਰ ਰਖਦਿਆਂ ਕਿਸਾਨ ਭਲਾਈ ਵੱਲ ਮੋੜਾ ਪਾਉਣਾ ਜ਼ਰੂਰੀ ਹੈ।

✻ ✻✻✻ ✻

## • ਸੈਣੀ ਬਰਾਦਰੀ ਦੇ ਹਰਜੀਤ ਸਿੰਘ ਸੱਜਣ ਦੀ ਕੈਨੇਡਾ ਵਿੱਚ ਧਾਂਕ

ਪੰਜਾਬ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬੰਬੇਲੀ ਵਿਖੇ ਸੈਣੀ ਪਰਿਵਾਰ ਵਿੱਚ ਜਨਮੇ ਸ. ਹਰਜੀਤ ਸਿੰਘ ਸੱਜਣ ਨੇ ਸਤੰਬਰ, 2021 ਵਿੱਚ ਹੋਈਆਂ ਕੈਨੇਡੀਅਨ ਪਾਰਲੀਮੈਂਟ ਚੋਣਾ ਵਿੱਚ ਮੁੜ ਚੋਣ ਜਿੱਤ ਲਈ ਹੈ। ਉਸ ਨੇ ਲਿਬਰਲ ਪਾਰਟੀ ਦੀ ਟਿਕਟ 'ਤੇ ਵੈਨਕੂਵਰ ਦੱਖਣੀ ਤੋਂ ਜਿੱਤ ਹਾਸਲ ਕੀਤੀ ਹੈ। ਉਹ ਪਹਿਲਾਂ ਹੀ ਕੈਨੇਡਾ ਦੇ ਰੱਖਿਆ ਮੰਤਰੀ ਹਨ। ਇਨ੍ਹਾਂ ਤੋਂ ਇਲਾਵਾ



ਸੋਲਾਂ ਹੋਰ ਪੰਜਾਬੀ ਵੀ ਆਪਣੇ ਆਪਣੇ ਪੁਰਾਣੇ ਇਲਾਕਿਆਂ ਤੋਂ ਹੀ ਸਫਲ ਹੋਏ ਹਨ। ਇਨ੍ਹਾਂ ਵਿੱਚ ਬਰਨਬੀ ਸਾਊਥ ਤੋਂ ਨਿਊ ਡੈਮੋਕਰੈਟਿਕ ਪਾਰਟੀ ਦੇ ਨੇਤਾ ਜਗਮੀਤ ਸਿੰਘ, ਬਰੈਂਪਟਨ ਪੂਰਬੀ ਤੋਂ ਮਨਿੰਦਰ ਸਿੱਧੂ, ਬਰੈਂਪਟਨ ਉੱਤਰੀ ਤੋਂ ਰੂਬੀ ਸਹੋਤਾ, ਬਰੈਂਪਟਨ ਦੱਖਣੀ ਤੋਂ ਸੋਨੀਆਂ ਸਿੱਧੂ, ਬਰੈਂਪਟਨ ਕੇਂਦਰੀ ਤੋਂ ਅਲੀ ਸ਼ਫਕਤ, ਬਰੈਂਪਟਨ ਪੱਛਮੀ ਤੋਂ ਕਮਲ ਖਹਿਰਾ, ਕੈਲਗਰੀ ਫੋਰੈਸਟ ਲਾਊਨ ਤੋਂ ਜਸਰਾਜ ਸਿੰਘ ਹੱਲਣ, ਸਾਬਕਾ ਮੰਤਰੀ ਟਿੱਮ ਉਪਲ, ਬਰਦੀਸ਼ ਚੱਗਰ, ਅਨੀਤਾ ਆਨੰਦ, ਲਿਬਰਲ ਪਾਰਟੀ ਦੇ ਸੁਖ ਧਾਲੀਵਾਲ, ਸਰੀ ਸੈਂਟਰ ਤੋਂ ਰਣਦੀਪ ਸਿੰਘ ਸਰਾਏ, ਕਿਊਬੈਕ ਤੋਂ ਅੰਜੂ ਢਿੱਲੋਂ, ਓਟਾਰੀਓ ਤੋਂ ਚੰਦਰ ਆਰੀਆ, ਮਿਸੀਸਾਗਾ ਮਾਲਟਨ ਤੋਂ ਵਕੀਲ ਇਕਵਿੰਦਰ ਗਹੀਰ ਅਤੇ ਕੈਲਗਰੀ ਸਕਾਈ ਵਿਊ ਤੋਂ ਜਾਰਜ ਚਾਹਲ। ਇਨ੍ਹਾਂ ਸਾਰੇ ਪੰਜਾਬੀਆਂ ਨੂੰ ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਬਹੁਤ ਬਹੁਤ ਵਧਾਈ ਹੋਵੇ। ਸੈਣੀ ਬਰਾਦਰੀ ਆਪਣੇ ਹੋਣਹਾਰ ਸਪੂਤ ਸ. ਹਰਜੀਤ ਸਿੰਘ ਸੱਜਣ ਦੀ ਚੜ੍ਹਤ 'ਤੇ ਬਹੁਤ ਮਾਣ ਮਹਿਸੂਸ ਕਰਦੀ ਹੈ।

✻ ✻✻✻ ✻


## ਸੈਣੀ ਭਵਨ ਰੂਪਨਗਰ ਵਿੱਚ ਚਲਦੇ ਕਿੱਤਾ ਸਿਖਲਾਈ ਕੇਂਦਰ

- **ਸਿਲਾਈ ਕਢਾਈ ਕੇਂਦਰ**
- **ਫੈਸ਼ਨ ਡਿਜ਼ਾਇਨਿੰਗ ਕੇਂਦਰ**
- **ਬਿਊਟੀਸ਼ਿਅਨ ਆਰਟ ਕੇਂਦਰ**
- **ਕੰਪਿਊਟਰ ਸਿਖ਼ਲਾਈ ਕੇਂਦਰ**

ਇਨ੍ਹਾਂ ਸਿਖ਼ਲਾਈ ਕੇਂਦਰਾਂ ਵਿੱਚ ਯੋਗ ਸਿਖ਼ਲਾਈ ਪ੍ਰਾਪਤ ਅਧਿਆਪਕ ਕੰਮ ਕਰ ਰਹੇ ਹਨ ਅਤੇ ਸਿਖ਼ਲਾਈ ਲਈ ਹਰ ਪ੍ਰਕਾਰ ਦੀ ਆਧੁਨਿਕ ਸਮਾਨ ਉਪਲੱਬਧ ਹਨ। ਇਨ੍ਹਾਂ ਸਿਖ਼ਲਾਈ ਕੇਂਦਰਾਂ ਵਿੱਚ ਆਪਣਿਆਂ ਬੱਚਿਆਂ ਨੂੰ ਦਾਖ਼ਲ ਕਰਵਾ ਕੇ ਉਨ੍ਹਾਂ ਨੂੰ ਵਿਤੀ ਪੱਖੋਂ ਸਵੈ-ਨਿਰਭਰ ਬਣਾਓ।



## ਸੁਰਿੰਦਰ ਕੌਰ ਸੈਣੀ ਦਾ ਨਾਵਲ

# ਔਰਤ ਦੇ ਦੁੱਖਾਂ ਦੀ ਗਾਥਾ - ਮੱਸਿਆ ਤੋਂ ਪੁੰਨਿਆਂ

ਡਾ. ਜਸਵੰਤ ਕੌਰ ਸੈਣੀ

ਇਹ ਨਾਵਲ ਸੁਰਿੰਦਰ ਕੌਰ ਸੈਣੀ ਦੀ ਅਸਲੋਂ ਨਵੀਂ ਰਚਨਾ ਹੈ। ਉਹ ਪੰਜਾਬੀ ਸਾਹਿਤ ਨੂੰ ਇਸ ਨਾਵਲ ਸਮੇਤ ਅੱਠ ਪੁਸਤਕਾਂ ਦੇ ਚੁੱਕੀ ਹੈ। ਇਨ੍ਹਾਂ ਵਿੱਚੋਂ ਚਾਰ ਕਾਵਿ-ਸੰਗ੍ਰਹਿ: 'ਚੰਨਾ ਦੂਰ ਦਿਆ', 'ਅੱਥਰੀ ਪੀੜ', 'ਮਿੱਤਰ ਪਿਆਰੇ ਨੂੰ' ਅਤੇ 'ਮੇਰਾ ਰੱਬ',ਇੱਕ ਕਹਾਣੀ-ਸੰਗ੍ਰਹਿ: 'ਲਹੂ ਰੰਗੀ ਮਹਿੰਦੀ' ਅਤੇ ਦੋ ਨਾਵਲ: 'ਫ਼ਰਿਸ਼ਤੇ' ਤੇ 'ਡਾਰੋਂ ਵਿੱਛੜੀ ਕੂੰਜ' ਹਨ। ਇਨ੍ਹਾਂ ਰਚਨਾਵਾਂ ਨਾਲ ਸੁਰਿੰਦਰ ਕੌਰ ਨੇ ਪੰਜਾਬੀ ਸਾਹਿਤ ਵਿੱਚ ਆਪਣੀ ਨਵੇਕਲੀ ਥਾਂ ਬਣਾ ਲਈ ਹੈ। ਸੁਰਿੰਦਰ ਚਾਹੇ ਕਵਿਤਾ ਲਿਖੇ, ਕਹਾਣੀ ਜਾਂ ਨਾਵਲ ਲਿਖੇ, ਇਸਦੀਆਂ ਰਚਨਾਵਾਂ ਇਸ ਦੇ ਨਿਜੀ ਤਜ਼ਰਬੇ ਵਿੱਚੋਂ ਉਗਮੀਆਂ ਅਤੇ ਵਿਗਸੀਆਂ ਹੁੰਦੀਆਂ ਹਨ। ਇਨ੍ਹਾਂ ਰਚਨਾਵਾਂ ਦੇ ਵਿਸ਼ੇ ਅਤੇ ਬਣਤਰ ਬਿਲਕੁਲ ਇਸਦੇ ਆਪਣੇ ਸਿਰਜੇ ਹੁੰਦੇ ਹਨ। ਇਹ ਉਸ ਦੇ ਆਪਣੇ ਜੀਵਨ ਦਾ ਪ੍ਰਤਿਰੂਪ ਹੀ ਹਨ।

ਸੁਰਿੰਦਰ ਕੌਰ ਦੀਆਂ ਕਵਿਤਾਵਾਂ ਹੀ ਇਸ ਦੀ ਮਾਨਸਿਕ ਪੀੜਾ ਨੂੰ ਪ੍ਰਗਟਾਉਂਦੀਆਂ ਹਨ। ਉਹ ਪੀੜਾ ਐਨੀ ਉੱਭਰ ਕੇ ਸਾਹਮਣੇ ਆਈ ਕਿ ਇਸ ਨੇ ਚਾਰ ਕਾਵਿ-ਪੁਸਤਕਾਂ ਲਿਖ ਧਰੀਆਂ। ਫਿਰ ਕਵਿਤਾਵਾਂ ਇਸ ਨੂੰ ਆਪਣੀ ਵੇਦਨਾ ਲਈ ਛੋਟੀਆਂ ਲੱਗੀਆਂ ਤਾਂ ਇਸ ਨੇ ਕਹਾਣੀ-ਸੰਗ੍ਰਹਿ ਲਿਖ ਦਿੱਤਾ। ਪਰ ਕਹਾਣੀ ਦੀ ਵੀ ਆਪਣੀ ਸੀਮਾ ਹੁੰਦੀ ਹੈ। ਉਸ ਵਿੱਚ ਵੀ ਬੇਮੁਹਾਰਾ ਵਾਧਾ ਨਹੀਂ ਕੀਤਾ ਜਾ ਸਕਦਾ। ਇਸੇ ਕਥਾ ਨੂੰ ਵਿਸਥਾਰ ਦੇਣਾ ਹੋਵੇ ਤਾਂ ਉਸ ਲਈ ਨਾਵਲ ਹੀ ਫਿੱਟ ਬੈਠਦਾ ਹੈ। ਨਾਵਲ ਦਾ ਕੈਨਵਸ ਵੱਡਾ ਹੁੰਦਾ ਹੈ। ਉਸ ਵਿੱਚ ਕਹਾਣੀ ਨੂੰ ਐਧਰ-ਓਧਰ ਲਿਜਾ ਕੇ ਪ੍ਰਗਟ ਕਰਨ ਦੀ ਸੰਭਾਵਨਾ ਹੁੰਦੀ ਹੈ। ਸੁਰਿੰਦਰ ਕੌਰ ਨੇ ਇੱਕ ਕਹਾਣੀ-ਸੰਗ੍ਰਹਿ ਤੋਂ ਬਾਅਦ ਨਾਵਲ ਵੱਲ ਮੁੱਖ ਮੋੜਿਆ ਅਤੇ ਆਪਣੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਲਈ ਨਾਵਲ ਵਿਧਾ ਨੂੰ ਚੁਣਿਆਂ।

ਆਪਣੇ ਪਿੰਡੇ ਉੱਤੇ ਹੰਢਾਏ ਹੋਏ ਦੁੱਖਾਂ ਨੂੰ ਉਸ ਨੇ ਵਾਰੀ ਵਾਰੀ ਤਿੰਨ ਨਾਵਲਾਂ ਵਿੱਚ ਪ੍ਰਗਟਾਇਆ ਹੈ। ਇਨ੍ਹਾਂ ਦੇ ਪਹਿਲੇ ਦੋ ਨਾਵਲ ' ਫ਼ਰਿਸ਼ਤੇ' ਅਤੇ 'ਡਾਰੋਂ ਵਿਛੜੀ ਕੂੰਜ' ਨਾਵਲੀ ਜਗਤ ਵਿੱਚ ਚੰਗਾ ਮੁਕਾਮ ਹਾਸਲ ਕਰ ਸਕੇ ਹਨ। ਹਥਲਾ ਤੀਜਾ ਨਾਵਲ 'ਮੱਸਿਆ ਤੋਂ ਪੁਨਿਆ' ਖਾਸ ਤੌਰ 'ਤੇ ਦੁਖੀ ਔਰਤਾਂ ਦੇ ਦੁੱਖਾਂ ਦੀ ਗਾਥਾ ਹੈ।

ਲੇਖਿਕਾ ਦਾ ਮੰਨਣਾ ਹੈ ਕਿ ਕਹਿਣ ਨੂੰ ਅਸੀਂ ਆਜ਼ਾਦ ਭਾਰਤ ਦੇ ਵਾਸੀ ਹਾਂ। ਆਜ਼ਾਦ ਦੇਸ਼ ਵਿੱਚ ਔਰਤ ਦੀ ਆਜ਼ਾਦੀ ਵੀ ਸ਼ਾਮਲ ਹੈ। ਪਰ ਕੀ ਆਜ਼ਾਦ ਹੋਣ ਨਾਲ ਅਸੀਂ ਔਰਤਾਂ ਪੂਰਨ ਤੌਰ 'ਤੇ ਆਜ਼ਾਦ ਹਾਂ? ਕੀ ਸਮਾਜ ਵਿੱਚ ਸਾਡਾ ਸਥਾਨ ਮਰਦ ਦੇ ਬਰਾਬਰ ਹੈ? ਕੀ ਸਾਡੇ ਸਮਾਜ ਵਿੱਚ ਕੁੜੀਆਂ ਅਤੇ ਔਰਤਾਂ ਨਿਰੰਕੁਸ਼ ਹਰ ਵਕਤ, ਦਿਨੇ ਰਾਤੀਂ ਆਜ਼ਾਦ, ਖੁਲ੍ਹੀਆਂ ਆਪਣੀ ਮਰਜ਼ੀ ਨਾਲ ਵਿਚਰ ਸਕਦੀਆਂ ਹਨ? ਅੱਜ ਦੀ ਔਰਤ ਉੱਤੇ ਜਾਤ, ਧਰਮ, ਰੰਗ-ਨਸਲ ਦੇ ਆਧਾਰ 'ਤੇ ਵਿਤਕਰਾ ਅਤੇ ਬਦਸਲੂਕੀ ਨਹੀਂ ਹੁੰਦੀ? ਘਰ ਵਿੱਚ ਹੀ ਭਰਾ-ਭਰਜਾਈਆਂ, ਨਣਦਾਂ, ਦਰਾਣੀਆਂ, ਜਠਾਣੀਆਂ ਕਿਸੇ ਨਾ ਕਿਸੇ ਗੱਲ ਦਾ ਬਹਾਨਾ ਬਣਾ ਕੇ ਆਪਣੇ ਹੀ ਘਰ ਵਿੱਚ ਦੂਜੀਆਂ ਔਰਤਾਂ ਨੂੰ ਜ਼ਲੀਲ ਕਰਦੀਆਂ ਹਨ। ਇਨ੍ਹਾਂ ਭਿੰਨ-ਭੇਦਾਂ ਅਤੇ ਵਿਤਕਰਿਆਂ ਕਰ ਕੇ ਬਹੁਤ ਸਾਰੀਆਂ ਔਰਤਾਂ ਕਸ਼ਟ ਭੋਗਦੀਆਂ ਹਨ। ਇਸ ਨਾਵਲ ਵਿਚਲੀ ਆਸ਼ਾ ਜੋ ਇਸ ਨਾਵਲ ਦੀ ਨਾਇਕਾ ਹੈ, ਜ਼ਿਆਦਾ ਸਾਂਵਲੇ ਰੰਗ ਕਰ ਕੇ ਪਹਿਲਾਂ ਭਾਬੀ ਦੇ ਜ਼ੁਲਮਾਂ ਦਾ ਸ਼ਿਕਾਰ ਹੁੰਦੀ ਹੈ, ਫਿਰ ਪਤੀ ਪਾਸੋਂ ਜ਼ਲੀਲ ਹੁੰਦੀ ਹੈ ਅਤੇ ਫਿਰ ਨਣਾਨ ਪਾਸੋਂ। ਪਤੀ ਉਸ ਦੇ ਰੰਗਰੂਪ ਤੋਂ ਦੁਖੀ ਹੋ ਕੇ ਆਤਮਹੱਤਿਆ ਕਰ ਲੈਂਦਾ ਹੈ ਤਾਂ ਨਣਾਨ ਉਸ ਨੂੰ ਘਰੋਂ ਕੱਢ ਦਿੰਦੀ ਹੈ। ਆਸ਼ਾ ਆਪਣੇ ਰੰਗ ਕਰ ਕੇ ਵੀ ਹੌਸਲਾ ਨਹੀਂ ਹਾਰਦੀ ਸਗੋਂ ਆਪਣੇ ਵੀਰੇ ਦੀ ਪ੍ਰੇਰਨਾ ਅਤੇ ਹਿੰਮਤ ਸਦਕਾ ਸਿੱਖਿਆ ਹਾਸਲ ਕਰ ਕੇ ਅਤੇ ਸਰਕਾਰੀ ਨੌਕਰੀ ਪ੍ਰਾਪਤ ਕਰ ਕੇ ਸਵੈ-ਨਿਰਭਰ ਹੋ ਜਾਂਦੀ ਹੈ। ਉਸ ਦਾ ਅਗਲਾ ਸਾਰਾ ਜੀਵਨ ਸਮਾਜਸੇਵਾ ਵਿੱਚ ਗੁਜ਼ਰਦਾ ਹੈ।

ਇਵੇਂ ਹੀ ਉਸ ਦੀ ਸਾਥਣ ਮੇਹਰ ਜੋ ਮਾਪਿਆਂ ਦੀ ਪਿਆਰੀ ਅਤੇ ਲਾਡਲੀ ਸੀ। ਖ਼ੂਬਸੂਰਤ ਅਤੇ ਚੰਗੀ ਸੀਰਤ ਵਾਲੀ ਸੀ, ਉਹ ਅਣਜੋੜ ਵਿਆਹ ਦਾ ਦੁੱਖ ਭੋਗਦੀ ਅਤੇ ਅਸਫ਼ਲ ਪਿਆਰ ਦੀ ਜਾਤਨਾ ਸਹਿੰਦੀ ਹੈ। ਉਹ ਆਪਣੇ ਭਰਾ-ਭਰਜਾਈ ਹੱਥੋਂ ਦੁਖੀ ਹੁੰਦੀ ਹੈ। ਉਹ ਵੀ ਨਰਸ ਦੀ ਸਿੱਖਿਆ ਲੈ ਕੇ ਸਰਕਾਰੀ ਨੌਕਰੀ ਪ੍ਰਾਪਤ ਕਰ ਲੈਂਦੀ ਹੈ।

ਇਸ ਸਮਾਜ ਵਿੱਚ ਸ਼ੁੱਭ ਗੁਣਾਂ ਵਾਲੇ ਲੋਕਾਂ ਦੀ ਵੀ ਘਾਟ ਨਹੀਂ। ਨਾਵਲ ਵਿੱਚ 'ਹਵੇਲੀ ਦਾ ਸਰਦਾਰ' ਹਰਦੇਵ ਸਿੰਘ ਇਨ੍ਹਾਂ ਦੋਹਾਂ ਕੁੜੀਆਂ ਦੀ ਸਮਾਜ ਭਲਾਈ ਦੇ ਕੰਮ ਵਿੱਚ ਮਦਦ ਕਰਦਾ ਹੈ। ਆਪਣੀ ਗੱਡੀ ਅਤੇ ਡਰਾਈਵਰ ਨਾਲ ਹਰ ਵੇਲੇ ਇਨ੍ਹਾਂ ਦੇ ਸ਼ੁੱਭ ਕੰਮਾਂ ਵਿੱਚ ਹਾਜ਼ਰ ਰਹਿੰਦਾ ਹੈ। ਡਿਸਪੈਂਸਰੀ ਦੀ ਤਾਈ ਬਚਨੀ ਅਤੇ ਹੋਰ ਸਟਾਫ਼ ਸਾਰੇ ਇੱਕ ਪਰਿਵਾਰ ਵਾਂਗ ਵਿਚਰਦੇ ਹਨ। ਇੱਕ ਦੂਜੇ ਤੋਂ ਮਿਲਿਆ ਪਿਆਰ-ਹਮਦਰਦੀ ਸਭ ਦੀ ਜ਼ਿੰਦਗੀ ਬਦਲ ਦਿੰਦਾ ਹੈ। ਉਹ ਆਪਣਾ ਰੰਗ-ਰੂਪ ਅਤੇ ਦੁੱਖ ਭੁੱਲ ਕੇ ਸਭ ਗਰੀਬਾਂ ਦੀ ਮਦਦ ਲਈ ਤਤਪਰ ਰਹਿੰਦੇ ਹਨ। ਇਹ ਸਾਰੇ ਇਨਸਾਨੀਅਤ ਲਈ ਜਿਉਂਦੇ ਹਨ। ਜਿੱਥੇ ਇਸ ਨਾਵਲ ਵਿੱਚ ਖ਼ੂਨ ਦੇ ਰਿਸ਼ਤੇ ਤਿੜਕਦੇ ਦਿਸਦੇ ਹਨ ਉੱਥੇ ਓਪਰਿਆਂ ਦਾ ਪਿਆਰ ਪਾਤਰਾਂ ਨੂੰ ਜਿਉਣ ਜੋਗੇ ਬਣਾ ਕੇ ਉਨ੍ਹਾਂ ਦੀ ਜ਼ਿੰਦਗੀ ਵਿੱਚ ਰੰਗ ਵੀ ਘੋਲਦਾ ਹੈ। ਪਿਆਰ-ਮੁਹੱਬਤ ਦਾ ਰੰਗ। ਸਭ ਤੋਂ ਵੱਡਾ ਗੁਣ ਇਹ ਹੈ ਕਿ ਇੱਕ-ਦੂਜੇ ਦੇ ਨੇੜੇ

ਰਹਿੰਦਿਆਂ, ਇੱਕ-ਦੂਜੇ ਲਈ ਜਿਉਂਦਿਆਂ ਇਨਸਾਨੀਅਤ ਦੀ ਪਵਿੱਤਰਤਾ ਦਾ ਰਿਸ਼ਤਾ ਕਾਇਮ ਰਹਿੰਦਾ ਹੈ। ਸੱਚੇ-ਸੁੱਚੇ ਪਿਆਰ ਦੇ ਰਿਸ਼ਤੇ ਇੱਕ-ਦੂਜੇ ਨੂੰ ਜਿਉਣ ਜੋਗੇ ਬਣਾ ਕੇ, ਇੱਕ-ਦੂਜੇ ਤੋਂ ਕੁਰਬਾਨ ਹੁੰਦਿਆਂ ਵੀ ਦਿਖਾਇਆ ਗਿਆ ਹੈ।

ਸਰਦਾਰ ਹਰਦੇਵ ਸਿੰਘ ਬ੍ਰੇਨ ਟਿਊਮਰ ਦਾ ਮਰੀਜ਼ ਹੈ ਪਰ ਆਪਣੀ ਬਿਮਾਰੀ ਛੁਪਾ ਕੇ ਲੋਕ-ਭਲਾਈ ਲਈ ਕੰਮ ਕਰਦਾ ਹੈ। ਉਹ ਆਸ਼ਾ ਨੂੰ ਚੁੱਪ-ਪਿਆਰ ਕਰਦਾ ਹੈ। ਆਸ਼ਾ ਵੀ ਹਰਦੇਵ ਦੀ ਬਿਮਾਰੀ ਦੇ ਅੰਤਲੇ ਸਮੇਂ ਬਿਨਾਂ ਕਿਸੇ ਦੁਨਿਆਵੀ ਜਾਂ ਸਰੀਰਕ ਗਰਜ਼ ਦੇ ਨੌਕਰੀ ਛੱਡ ਕੇ ਹਵੇਲੀ ਵਿੱਚ ਹਰਦੇਵ ਦੀ ਸੇਵਾ ਲਈ ਜੁੱਟ ਜਾਂਦੀ ਹੈ। ਹਰਦੇਵ ਆਪਣੀ ਸਾਰੀ ਜਾਇਦਾਦ ਆਸ਼ਾ ਦੇ ਨਾਂ ਕਰ ਕੇ ਆਪਣਾ ਸਰੀਰ ਪੀ.ਜੀ.ਆਈ. ਨੂੰ ਦਾਨ ਕਰ ਦਿੰਦਾ ਹੈ। ਆਪਣੀ ਜ਼ਮੀਨ ਵਿੱਚ ' ਆਸ਼ਾ ਕੈਂਸਰ ਹਸਪਤਾਲ' ਖੋਲ੍ਹ ਦਿੰਦਾ ਹੈ। ਆਸ਼ਾ ਮਗਰੋਂ ਇਸ ਹਸਪਤਾਲ ਨੂੰ 'ਹਰਦੇਵ ਆਸ਼ਾ ਕੈਂਸਰ ਹਸਪਤਾਲ' ਦਾ ਨਾਂ ਦੇ ਦਿੰਦੀ ਹੈ। ਹਵੇਲੀ ਵਿੱਚ ਗਰੀਬਾਂ ਲਈ ਮੁਫ਼ਤ ਪੜ੍ਹਾਈ, ਗਰੀਬ ਕੁੜੀਆਂ ਲਈ ਸਿਲਾਈ ਸੈਂਟਰ, ਫਰੀ ਕੈਂਸਰ ਹਸਪਤਾਲ, ਗਰੀਬਾਂ ਦੇ ਬੱਚਿਆਂ ਦੇ ਵਿਆਹ, ਗਰੀਬਾਂ ਵਿੱਚ ਕੱਪੜੇ ਵੰਡਣੇ ਆਦਿ ਸਾਰੇ ਭਲਾਈ ਦੇ ਕੰਮ ਹਰਦੇਵ ਦੇ ਹੁੰਦਿਆਂ ਵੀ ਹੁੰਦੇ ਸਨ, ਮਗਰੋਂ ਆਸ਼ਾ ਦੀ ਦੇਖ-ਰੇਖ ਵਿੱਚ ਚੱਲਦੇ ਰਹੇ ਅਤੇ ਦੁਨੀਆਂ ਵਿੱਚ ਮਸ਼ਹੂਰ ਹੋ ਗਏ।

ਮੇਹਰ ਦੇ ਪ੍ਰੇਮੀ ਦੀ ਕਰੋਨਾ ਨਾਲ ਮੌਤ ਦਾ ਦ੍ਰਿਸ਼ ਕਰੋਨਾ ਦੇ ਤਾਂਡਵ ਨਾਚ ਤੋਂ ਵੀ ਪਰਦਾ ਚੁੱਕਦਾ ਹੈ। ਬਚਨੀ ਤਾਈ ਵੀ ਆਸ਼ਾ ਦੇ ਇਨ੍ਹਾਂ ਲੋਕ-ਭਲਾਈ ਦੇ ਕੰਮਾਂ ਵਿੱਚ ਸ਼ਾਮਿਲ ਹੋ ਜਾਂਦੀ ਹੈ। ਸਮਾਜ-ਭਲਾਈ ਦੇ ਕੰਮਾਂ ਕਰ ਕੇ ਆਸ਼ਾ ਨੂੰ 'ਪਦਮ ਸ਼੍ਰੀ' ਦਾ ਐਵਾਰਡ ਮਿਲਦਾ ਹੈ। ਇਉਂ ਸ਼ੁੱਭ ਕੰਮਾਂ ਵਿੱਚ ਜ਼ਿੰਦਗੀ ਲਗਾਉਣ ਵਾਲਿਆਂ ਦੀ ਅਨੋਖੀ ਅਤੇ ਬੇਮਿਸਾਲ ਗਾਥਾ ਕਰਦਾ ਹੈ, ਇਹ ਨਾਵਲ।

ਨਾਵਲ ਕਲਾ ਪੱਖੋਂ ਵੀ ਕਾਮਯਾਬ ਹੈ। ਇਸ ਵਿੱਚ ਕਥਾ-ਰਸ ਕਿਤੇ ਵੀ ਫਿੱਕਾ ਨਹੀਂ ਪੈਂਦਾ। ਪਲਾਟ ਗੁੰਦਵਾਂ ਹੈ ਕਿਤੇ ਵੀ ਝੋਲ ਨਹੀਂ ਖਾਂਦਾ। ਪਾਤਰ-ਸਿਰਜਣਾ ਬਾ-ਕਮਾਲ ਹੈ। ਤਜ਼ੁਰਬੇ ਨਾਲ ਅੱਗੇ-ਅੱਗੇ ਲੇਖਿਕਾ ਦੀਆਂ ਰਚਨਾਵਾਂ ਮੁਹਾਰਤ ਹਾਸਲ ਕਰੀ ਜਾ ਰਹੀਆਂ ਹਨ। ਨਵੇਕਲੇ ਵਿਸ਼ੇ ਅਤੇ ਔਰਤ-ਸਮਾਜ ਨਾਲ ਲਬੋ-ਲਬਰੇਜ਼ ਸਮੱਸਿਆਵਾਂ ਵਾਲਾ ਇਹ ਨਾਵਲ ਵਧੀਆ ਮਿਸਾਲ ਪੇਸ਼ ਕਰਦਾ ਹੈ। ਖ਼ਾਸ ਤੌਰ 'ਤੇ ਲੜਕੀਆਂ ਲਈ ਇਸ ਨਾਵਲ ਵਿੱਚ ਬਹੁਤ ਕੁੱਝ ਪੜ੍ਹਨਯੋਗ ਹੈ। ਵੈਸੇ ਤਾਂ ਸਾਰੇ ਪਾਠਕਾਂ ਨੂੰ ਇਹ ਨਾਵਲ ਪੜ੍ਹਨ ਦੀ ਸਲਾਹ ਦਿੰਦੀ ਹਾਂ। ਇਸ ਵਿੱਚ ਸਿੱਖਣ ਅਤੇ ਕਰਨ ਲਈ, ਮਨੁੱਖਤਾ ਦੇ ਭਲੇ ਲਈ ਬਹੁਤ ਕੁੱਝ ਹੈ। ਸੁਰਿੰਦਰ ਕੌਰ ਸੈਣੀ ਇਹ ਨਾਵਲ ਲਿਖਣ ਲਈ ਵਧਾਈ ਦੀ ਪਾਤਰ ਹੈ।

❉ ❉ ❉ ❉ ❉

## ਸੁਨੇਹੇ ਸੱਜਣਾ ਦੇ

Sat Sri Akal

I am thankful and congratulate you and your whole Saini Bhawan Team for bringing out this special edition ( July-Sep.2021) on Dhan Sri Guru Teg Bahadur Sahib Ji's $400^{th}$ Birthyear. All the articles are well written but article by Dr. Jaswant Kaur Ji is well reserched and informative. I look forward to such informative articles/editions in future as well.

Regads

**Tejdeep Singh Saini**, PCS

Director Sports U.T. Chandigarh

From Editor- Thanks for the whatsup message, sir. We will make every possible effort to refine and enrich the magazine. But all with your blessings.

ਸਤਿਕਾਰਯੋਗ ਮੁੱਖ ਸੰਪਾਦਕ ਸਾਹਿਬ,

ਸਤਿ ਸ੍ਰੀ ਅਕਾਲ ਜੀ

" ਸੈਣੀ ਸੰਸਾਰ" ਦਾ ਅਪ੍ਰੈਲ-ਜੂਨ 2012 ਦਾ ਅੰਕ ਪ੍ਰਾਪਤ ਹੋਇਆ। ਇਸ 'ਚ ਛਪੀਆਂ ਗਿਆਨ, ਵਿਗਿਆਨ ਅਤੇ ਵੱਡਮੁੱਲੀਆਂ ਸਾਹਿਤਕ ਰਚਨਾਵਾਂ ਨੂੰ ਪੜ੍ਹ ਕੇ ਰੂਹ ਖੁਸ਼ ਹੋ ਜਾਂਦੀ ਹੈ। ਪੱਤ੍ਰਿਕਾ ਨੂੰ ਚੜ੍ਹਦੀ ਕਲਾ 'ਚ ਰੱਖਣ ਲਈ ਆਪ ਜੀ ਦੀ ਅਣਥੱਕ ਮਿਹਨਤ ਅਤੇ ਸਮਰਪਣ ਹੈ।

ਸੈਣੀ ਲਿਖਾਰੀਆਂ ਦੀ ਲਿਸਟ/ਸੂਚੀ ਛਾਪਣ ਲਈ ਆਪ ਦਾ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ। ਇਸ ਲਿਸਟ ਰਾਹੀਂ ਸੈਣੀ ਲੇਖਕਾਂ ਬਾਰੇ ਜਾਣਕਾਰੀ ਸਾਰੇ ਸੈਣੀ ਜਗਤ ਲਈ ਮਹੱਤਵਪੂਰਨ ਤੇ ਮਾਣ ਵਾਲੀ ਗੱਲ ਤਾਂ ਹੋਵੇਗੀ ਹੀ ਬਲਕਿ ਪਾਠਕਾਂ ਲਈ ਅਤੇ ਲੇਖਕਾਂ ਲਈ ਵੀ ਲਾਹੇਵੰਦ ਹੋਵੇਗੀ। ਅਗਰ ਲਿਸਟ ਬਹੁਤ ਲੰਮੀ ਹੋ ਜਾਵੇ ਤਾਂ ਬਾਅਦ ਵਿੱਚ ਅਲੱਗ ਇੱਕ ਬੁਕਲਟ ਦੀ ਸ਼ਕਲ ਵਿੱਚ ਵੀ ਪਬਲਿਸ਼ ਕੀਤਾ ਜਾ ਸਕਦਾ ਹੈ। ਇਸ ਸੂਚੀ ਵਿੱਚ ਮੈਂ ਆਪਣਾ ਨਾਮ ਵੀ ਸ਼ਾਮਲ ਕਰਨ ਦੀ ਪੇਸ਼ਕਸ਼ ਕਰਦਾ ਹਾਂ ਜੀ। ਉਮੀਦ ਹੈ ਅਗਲੇ ਅੰਕ ਵਿੱਚ ਮੇਰਾ ਨਾਮ ਵੀ ਇਸ ਸੂਚੀ ਵਿੱਚ ਸ਼ੁਮਾਰ ਕਰ ਕੇ ਧੰਨਵਾਦੀ ਬਣਾਓਗੇ।

ਪ੍ਰਿਤਪਾਲ ਸਿੰਘ ਜਟਾਣਾ

# 1104, ਸੈਕਟਰ 49ਬੀ, ਚੰਡੀਗੜ੍ਹ

ਮੁਖ ਸੰਪਾਦਕ ਵਲੋਂ- ਪੱਤਰ ਲਿਖਣ ਲਈ ਧੰਨਵਾਦ ਜੀ। ਅਰਜ ਹੈ ਕਿ ਆਪ ਦਾ ਨਾਮ ਪਹਿਲਾਂ ਹੀ ਮੈਗਜ਼ੀਨ 'ਸੈਣੀ ਸੰਸਾਰ' ਦੇ 41ਵੇਂ ਅੰਕ ਵਿੱਚ ਛਾਪਿਆ ਜਾ ਚੁੱਕਾ ਹੈ ਜੀ।



# ਜੈਤੂਨ ਦੇ ਬਾਗਾਂ ਦਾ ਸ਼ਹਿਰ - ਓਹਾਏ

ਦੇਵਿੰਦਰ ਸਿੰਘ ਜਟਾਣਾ
ਬੇਕਰਜ਼ਫੀਲਡ (ਕੈਲੇਫੋਰਨੀਆਂ)

ਕੈਲੇਫੋਰਨੀਆਂ ਦੀ ਧਰਤੀ ਮੌਸਮ, ਪਹਾੜਾਂ, ਵਾਦੀਆਂ ਅਤੇ ਸਮੁੰਦਰ ਕੰਢੇ ਬੀਚਾਂ ਦੁਨੀਆਂ ਵਿੱਚ ਵਿਲੱਖਣ ਪਛਾਣ ਰਖਦੇ ਹਨ। ਇੱਥੋਂ ਦੀ ਬੇਹੱਦ ਉਪਜਾਊ ਧਰਤੀ ਆਪਣੇ ਅੰਦਰੋਂ ਅਨੇਕਾਂ ਕਿਸਮ ਦੀ ਬਨਸਪਤੀ ਫਲ, ਫਸਲਾਂ ਤੇ ਤੇਲ ਪੈਦਾ ਕਰਦੀ ਹੈ। ਇੱਥੋਂ ਦੇ ਸੁੱਕੇ ਮੇਵੇ ਬਦਾਮ, ਅਖਰੋਟ, ਪਿਸਤਾ ਤੇ ਨਿਓਜ਼ੇ, ਹਰ ਤਰ੍ਹਾਂ ਦੇ ਫਲ ਪੀਚਜ਼, ਅੰਗੂਰ, ਚੈਰੀਜ਼, ਸਟਰਾਅਬੈਰੀ, ਆਲੂ ਬੁਖਾਰੇ, ਸੰਤਰੇ, ਅੰਜੀਰ, ਐਵਾਕੋਡੋ, ਸੇਬ, ਪਲਮ, ਕਿਵੀ ਤੇ ਅਨਾਰ ਆਦਿ ਫਸਲਾਂ ਵਿੱਚ ਮੱਕੀ, ਕਣਕ, ਬਾਜਰਾ, ਗਾਜਰਾਂ, ਟਮਾਟਰ, ਬਹੁਤ ਕਿਸਮ ਦੀਆਂ ਸਬਜ਼ੀਆਂ ਇਤਿਆਦ। ਥਾਂ ਥਾਂ ਉੱਤੇ ਤੇਲ ਦੇ ਖੂਹ। ਇਹ ਗਿਣਤੀ ਮੁੱਕਦੀ ਨਹੀਂ।

ਅੱਜ ਗੱਲ ਜੈਤੂਨ ਦੀ ਕਰਾਂਗਾ। ਜੈਤੂਨ ਇਕ ਐਸਾ ਪੇੜ ਹੈ ਜਿਸ ਦੇ ਫਲ ਤੇ ਲੱਕੜੀ ਦੇ ਮਨੁੱਖੀ ਜ਼ਿੰਦਗੀ ਤੇ ਸਿਹਤ ਲਈ ਅਨੇਕਾਂ ਫਾਇਦੇ ਹਨ। ਅਗਲੀ ਗੱਲ ਕਰਨ ਤੋਂ ਪਹਿਲਾਂ ਇਸ ਦੀ ਸੰਖੇਪ ਜਾਣਕਾਰੀ ਜ਼ਰੂਰੀ ਹੈ। ਇਸ ਪੇੜ ਨੂੰ ਅਮਨ ਅਤੇ ਦੋਸਤੀ ਦੇ ਦਰਖਤ ਵਜੋਂ ਜਾਣਿਆਂ ਜਾਂਦਾ ਹੈ। ਇਸ ਦਾ ਮੁੱਢ ਸਪੇਨ, ਪੁਰਤਗਾਲ, ਇਟਲੀ, ਗਰੀਸ, ਤੁਰਕੀ, ਅਰਮੀਨੀਆ, ਜਾਰਜੀਆ ਅਤੇ ਸੀਰੀਆ ਆਦਿ ਵਿੱਚ ਮੰਨਿਆਂ ਜਾਂਦਾ ਹੈ। ਇਸ ਤੋਂ ਬਿਨਾਂ ਇਹ ਦੀ ਉਪਜ ਦਾ ਮੁੱਖ ਕੇਂਦਰ ਮੈਡੀਟੇਰੀਅਨ ਦੇਸ਼ਾਂ ਅਤੇ ਏਸ਼ੀਆ ਮਾਈਨਰ ਵਿੱਚ ਹੈ। ਭਾਰਤ ਵਿੱਚ ਰਾਜਸਥਾਨ, ਹਿਮਾਚਲ ਆਦਿ ਸੂਬਿਆਂ ਵਿੱਚ ਇਹਦੀ ਖੇਤੀ ਦੀਆਂ ਸੰਭਾਵਨਾਵਾਂ ਮੌਜੂਦ ਹਨ। ਦੋਹਾਂ ਪੰਜਾਬਾਂ ਦੀ ਧਰਤੀ ਵੀ ਇਹਦੇ ਲਈ ਉਪਜਾਊ ਮੰਨੀ ਜਾਂਦੀ ਹੈ। ਜੈਤੂਨ ਦੇ ਪੇੜ ਦੀ ਉਮਰ ਸੌ ਤੋਂ ਪੰਜ ਸੌ ਸਾਲ ਤੱਕ ਆਮ ਮੰਨੀ ਜਾਂਦੀ ਹੈ। ਪਰ ਕਈ ਥਾਈਂ ਇਹ ਹਜ਼ਾਰ ਤੋਂ ਪੈਂਤੀ ਸੌ ਸਾਲਾਂ ਤੱਕ ਵੀ ਹੋਈ ਮੰਨੀ ਜਾਂਦੀ ਹੈ।ਸਪੇਨ ਵਿੱਚ ਸਭ ਤੋਂ ਪੁਰਾਣਾ ਪੇੜ 3500 ਸਾਲ ਪੁਰਾਣਾ ਹੈ। ਉਮਰ ਵਾਂਗ ਇਸ ਦੀਆਂ ਕਿਸਮਾਂ ਵੀ ਸੈਕੜੇ ਹਨ। ਇੱਕ ਅੰਦਾਜ਼ੇ ਅਨੁਸਾਰ ਇਹ ਅੱਠ ਸੌ ਤੋਂ ਵੀ ਵਧੇਰੇ ਹਨ। ਇਕੱਲੇ ਇਟਲੀ ਵਿੱਚ ਇਹ ਦੀਆਂ ਛੇ ਸੌ ਤੋਂ ਵੱਧ ਕਿਸਮਾਂ ਹਨ। ਇਸੇ ਤਰ੍ਹਾਂ ਸਪੇਨ ਵਿੱਚ ਵੀ ਕੋਈ ਚਾਰ ਸੌ ਤੋਂ ਵੱਧ ਕਿਸਮਾਂ ਪਾਈਆਂ ਜਾਂਦੀਆਂ ਹਨ।

ਜੈਤੂਨ ਬਾਰੇ ਜਾਣਕਾਰੀ ਹਾਸਲ ਕਰਨ ਲਈ ਅਸੀਂ ਪਰਿਵਾਰ ਸਮੇਤ ਕੈਲੇਫੋਰਨੀਆਂ ਦੇ ਓਹਾਏ ਕਸਬੇ ਵੱਲ ਨੂੰ ਹੁੰਦੇ ਹੋਏ ਮੰਡੇਲਾ ਬੀਚ ਵੈਂਚੁਰਾ ਛੁੱਟੀਆਂ ਬਤੀਤ ਕਰਨ ਜਾਣਾ ਸੀ। ਬੇਕਰਜ਼ਫੀਲਡ ਤੋਂ ਲੱਗਭੱਗ ਦੋ ਘੰਟੇ ਦਾ ਰਸਤਾ ਤੈਅ ਕਰ ਕੇ ਅਸੀਂ ਓਹਾਏ ਪਹੁੰਚੇ। ਇਸ ਕਸਬੇ ਵਿੱਚ ਮੁਢਲੇ ਤੌਰ ਤੇ ਚੁਮਾਸ਼ ਇੰਡੀਅਨ( ਅਮਰੀਕਾ ਦੇ ਨੇਟਿਵ) ਰਹਿੰਦੇ ਹਨ। ਅੱਠ ਕੁ ਹਜ਼ਾਰ ਆਬਾਦੀ ਵਾਲਾ ਇਹ ਛੋਟਾ ਜਿਹਾ ਸੁੰਦਰ ਸਾਫ਼ ਸੁਥਰਾ ਸੰਤਰਿਆਂ, ਆਵਾਕੋਡੋ ਤੇ ਜੈਤੂਨ ਦੇ ਦਰਖਤਾਂ ਨਾਲ ਘਿਰਿਆ ਖ਼ੂਬਸੂਰਤ, ਸਵੱਛ ਜਲਵਾਯੂ ਵਾਲਾ ਕਸਬਾ ਹੈ। ਇੱਥੋਂ ਦੀ ਆਰਟ ਗੈਲਰੀ ਵਾਈਨਰੀਜ਼, ਮਿਊਜ਼ੀਅਮ, ਪਾਰਕ, ਘੰਟਾਘਰ ਤੇ ਲਾਇਬਰੇਰੀ ਵੇਖਣਯੋਗ ਹਨ। ਇੱਥੋਂ ਦੀ ਲਾਇਬਰੇਰੀ ਵਿੱਚ ਡੇਢ ਲੱਖ ਦੇ ਕਰੀਬ ਕਿਤਾਬਾਂ ਪਈਆਂ ਹਨ। ਹਰ ਦੇਸ਼ ਦੇ ਚੁਨਿੰਦਾ ਲਿਖਾਰੀਆਂ ਦੀਆਂ ਕਿਤਾਬਾਂ ਏਥੇ ਮੌਜੂਦ ਹਨ। ਮੈਨੂੰ ਖੁਸ਼ੀ ਹੋਈ ਜਦੋਂ ਮੈਂ ਭਾਰਤੀ ਡੈਸਕ 'ਤੇ ਪੰਡਿਤ ਨਹਿਰੂ, ਸ਼ਸ਼ੀ ਥਰੂਰ, ਡਾ. ਰਾਧਾ ਕ੍ਰਿਸ਼ਨਨ, ਕਰਤਾਰ ਸਿੰਘ ਦੁੱਗਲ ਆਦਿ ਦੀਆਂ ਕਿਤਾਬਾਂ ਦੇਖੀਆਂ। ਮੈਨੂੰ ਦੱਸਦਿਆਂ ਬੇਹੱਦ ਮਾਣ ਮਹਿਸੂਸ ਹੋ ਰਿਹਾ ਹੈ ਕਿ ਮੇਰੇ ਨਾਲ ਦੋਹਤੀਆਂ ਪਰਵਾਜ਼ ਸਿੰਘ ਤੇ ਸੁਖਮਨੀ ਸਿੰਘ ਸਨ। ਪਰਵਾਜ਼ ਸਿੰਘ ਨੇ ਤੇਰਾਂ ਸਾਲ ਦੀ ਉਮਰ ਵਿੱਚ ਅੰਗ੍ਰੇਜ਼ੀ ਕਵਿਤਾਵਾਂ ਦੀ ਪੁਸਤਕ,'ਦਾ ਲੈਗੇਸੀ ਆਫ਼ ਪੋਇਮਜ਼' ਲਿਖੀ (ਜਿਸ ਦੀ ਘੁੰਡ ਚੁਕਾਈ ਪੰਜਾਬ ਵਿੱਚ ਸ਼੍ਰੀਮਤੀ ਸੋਨਾਲੀ ਗਿਰੀ ਡੀ.ਸੀ.ਰੋਪੜ ਅਤੇ ਯੂ ਐਸ ਏ ਵਿੱਚ ਬੇਕਰਜ਼ਫੀਲਡ ਦੇ ਮੇਅਰ ਨੇ ਕੀਤੀ ਸੀ।) ਓਹਾਏ ਦੀ ਲਾਇਬਰੇਰੀ ਦੇ ਪ੍ਰਬੰਧਕਾਂ ਨੇ ਇਸ ਪੁਸਤਕ ਦੀਆਂ ਪੰਜ ਕਾਪੀਆਂ ਰੱਖਣ ਦੀ ਇਜ਼ਾਜ਼ਤ ਦਿੱਤੀ। ਕੁੱਝ ਕਿਤਾਬਾਂ ਖਰੀਦਣ ਮਗਰੋਂ ਅਸੀਂ ਜੈਤੂਨ ਦਾ ਬਾਗ ਦੇਖਣ ਲਈ ਤੁਰ ਪਏ।



ਓਹਾਏ ਸਮੁੰਦਰ ਕੰਢੇ ਤੋਂ 14 ਮੀਲ ਦੂਰ ਖ਼ੂਬਸੂਰਤ ਪਹਾੜ ਟੋਪਾ ਟੋਪਾ ਉੱਤੇ ਵਸਿਆ ਹੋਇਆ ਹੈ। ਜੈਤੂਨ ਦਾ ਬਾਗ ਸ਼ਹਿਰ ਤੋਂ ਕੋਈ ਚਾਰ ਮੀਲ ਬਾਹਰ ਪਹਾੜ ਦੇ ਪੈਰਾਂ ਵਿੱਚ ਆਪਣੀ ਆਭਾ ਖਿਲਾਰ ਰਿਹਾ ਹੈ। ਚਾਰ ਮੀਲ ਦੇ ਸਫਰ ਵਿੱਚ ਛੋਟੀ ਸੜਕ ਦੇ ਦੋਹੀਂ ਪਾਸੀਂ ਬੇਸ਼ੁਮਾਰ ਸੰਤਰੇ, ਆਵਾਕੋਡੋ ਤੇ ਹੋਰ ਦਰਖਤਾਂ ਦੇ ਝੁੰਡ ਸੈਲਾਨੀਆਂ ਨੂੰ ਮੰਤਰ ਮੁਗਧ ਕਰਦੇ ਹਨ। ਜਲਦੀ ਹੀ ਅਸੀਂ ਓਹਾਏ ਔਲੀਵ ਕੰਪਨੀ ਦੇ ਗੇਟ ਉੱਤੇ ਸਾਂ। ਕਾਰ ਪਾਰਕ ਕਰ ਕੇ ਸਾਹਮਣੇ ਹੀ ਔਲੀਵ ਤੇਲ ਟੈਸਟਿੰਗ ਕਮਰਾ ਸੀ। ਉਸ ਦੇ ਸਾਹਮਣੇ ਜੈਤੂਨ ਦੇ ਪੇੜਾਂ ਥੱਲੇ ਲੱਗੇ ਲੱਕੜੀ ਦੇ ਬੈਂਚਾਂ ਉੱਤੇ ਸੈਲਾਨੀ ਬੈਠ ਕੇ ਤੇਲ ਦਾ ਸੁਆਦ ਚੱਖ ਰਹੇ ਸਨ। ਔਲੀਵ ਦਾ ਸੁਆਦ ਕੁੱਝ ਤਿੱਖਾ ਹੁੰਦਾ ਹੈ ਜੋ ਗਲ ਨੂੰ ਪਕੜਦਾ ਹੈ। ਇਸ ਕਰਕੇ ਜਾਣੂ ਲੋਕ ਆਪਣੇ ਨਾਲ ਬਰੈਡ ਰਖਦੇ ਹਨ ਜਿਸ 'ਤੇ ਲਾ ਕੇ ਇਹ ਖਾਇਆ ਜਾਂਦਾ ਹੈ। ਟੈਸਟਿੰਗ ਕਮਰੇ ਵਿੱਚ ਕੰਪਨੀ ਦੇ ਮੁਲਾਜ਼ਮ ਸਪੈਨਿਸ਼ ਔਰਤ ਨੇ ਆਪਣੀ ਕੰਪਨੀ, ਪੇੜਾਂ ਅਤੇ ਤੇਲ ਕੱਢਣ ਬਾਰੇ ਤਫਸੀਲ ਨਾਲ ਦੱਸਿਆ। ਇਹ ਬਹੁਤ ਪੁਰਾਣੀ ਕੰਪਨੀ ਹੈ ਜਿਸ ਪਾਸ ਸੈਕੜੈ ਜੈਤੂਨ ਦੇ ਪੇੜ ਹਨ

ਜਿਨ੍ਹਾਂ ਵਿੱਚ ਡੇਢ ਸੌ ਸਾਲ ਤੋਂ ਵੀ ਵੱਧ ਉਮਰ ਦੇ ਹਨ। ਜੈਤੂਨ ਦਾ ਫਲ ਹਰਾ ਤੇ ਜਾਮਨੀ ਦੋ ਰੰਗਾਂ ਦਾ ਹੁੰਦਾ ਹੈ। ਇਸ ਦਾ ਸਾਈਜ਼ ਜਮੋਏ ਵਰਗਾ ਛੋਟਾ ਜਿਹਾ ਹੁੰਦਾ ਹੈ ਜਿਸ ਨੂੰ ਤੋੜਨ ਮਗਰੋਂ ਇਹ ਸਾਫ਼ ਕਰ ਕੇ ਦਬਾ ਕੇ ਤੇਲ ਕੱਢਦੇ ਹਨ। ਮੁਲਾਜ਼ਮ ਔਰਤ ਨੇ ਦੱਸਿਆ ਕਿ ਉਨ੍ਹਾਂ ਕੋਲ ਅੱਠ ਕਿਸਮਾਂ ਦੇ ਦਰਖਤ ਹਨ। ਸਭ ਤੋਂ ਵਧੀਆ ਤੇਲ ਐਕਸਟ੍ਰਾ ਵਿਰਜਨ ਹੁੰਦਾ ਹੈ। ਏਥੇ ਕੰਪਨੀ ਵਿੱਚ ਉਹ ਪੇੜ ਉਤਪਾਦਨ, ਫਲਾਂ ਤੋਂ ਤੇਲ ਬਣਾ ਕੇ ਬੋਤਲਾਂ ਵਿੱਚ ਭਰਦੇ ਹਨ। ਤੇਲ ਦੀ ਖ਼ੂਬਸੂਰਤੀ ਤੇ ਸੁਆਦ ਦਾ ਵਖਰੇਵਾਂ ਕਰਨ ਲਈ ਇਸ ਵਿੱਚ ਲੈਮਨ, ਆਰੈਂਜ, ਰੋਜ਼ਮੈਰੀ ਤੇ ਗਾਰਲਿਕ ਆਦਿ ਨੂੰ ਮਿਲਾ ਕੇ ਵੀ ਤੇਲ ਤਿਆਰ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸਾਬਣ, ਲਿਪਬਾਮ ਅਤੇ ਫੇਸ ਕਰੀਮ ਆਦਿ ਵੀ ਬਣਾਏ ਜਾਂਦੇ ਹਨ।

ਜੈਤੂਨ ਦਾ ਤੇਲ ਮਨੁੱਖੀ ਸਿਹਤ ਲਈ ਅਨੇਕਾਂ ਲਾਭਾਂ ਵਾਲਾ ਹੈ। ਇਸ ਦੀ ਵਰਤੋਂ ਨਾਲ ਦਿਲ ਦੇ ਰੋਗਾਂ, ਹੱਡੀਆਂ, ਚਮੜੀ ਰੋਗਾਂ, ਸ਼ੱਕਰ ਰੋਗ, ਇਮਿਊਨ ਸਿਸਟਮ, ਅਰਥੇਟਾਈਟਸ, ਕੈਂਸਰ ਤੇ ਭਾਰ ਕੰਟਰੋਲ 'ਤੇ ਕਾਬੂ ਪਾਇਆ ਜਾ ਸਕਦਾ ਹੈ।

ਆਖਰ ਮੇਰੀ ਉਤਸੁਕਤਾ ਇਸ ਗੱਲ ਵਿੱਚ ਸੀ ਕਿ ਆਪਣੇ ਪੰਜਾਬ ਵਿੱਚ ਅਸੀਂ ਇਸ ਦੀ ਪੈਦਾਵਾਰ ਕਿਉਂ ਨਹੀਂ ਕਰਦੇ ਜਦ ਕਿ ਖੇਤੀ ਵਿਗਿਆਨੀ ਇਸ ਗੱਲ ਦੀ ਸਹਿਮਤੀ ਪ੍ਰਗਟ ਕਰਦੇ ਹਨ ਇਹ ਦੇ ਲਈ ਸਾਡੀ ਜ਼ਮੀਨ ਸਾਜ਼ਗਾਰ ਹੈ। ਇਸ ਨਾਲ ਜਿੱਥੇ ਅਸੀਂ ਫ਼ਸਲੀ ਵਿਭਿੰਨਤਾ ਖੇਤਰ ਵਿੱਚ ਅੱਗੇ ਵਧਾਂਗੇ ਉੱਥੇ ਹੀ ਚੰਗੀ ਆਮਦਨ ਦਾ ਸਾਧਨ ਵੀ ਬਣ ਸਕੇਗਾ। ਜਦ ਕਿ ਹੁਣ ਅਸੀਂ ਲੱਗਭੱਗ ਪੂਰਨ ਰੂਪ ਵਿੱਚ ਇਹ ਦੀ ਬਾਹਰਲੇ ਦੇਸ਼ਾਂ ਤੋਂ ਦਰਾਮਦ ਕਰਦੇ ਹਾਂ। ਸਾਨੂੰ ਦੇਖਣਾ ਹੋਵੇਗਾ ਕਿ ਸਾਡੇ ਪ੍ਰਾਂਤ ਲਈ ਕਿਹੜੀ ਕਿਸਮ ਚੰਗੀ ਹੈ। ਵੱਡੀ ਗੱਲ ਇਹ ਹੈ ਕਿ ਇਸ ਦੇ ਦਰਖਤ ਤੋਂ ਤਿੰਨ ਚਾਰ ਸਾਲਾਂ ਵਿੱਚ ਫ਼ਲ ਮਿਲਣ ਲਗ ਜਾਂਦਾ ਹੈ। ਕਿਸਾਨ ਇਸ ਦੀ ਉਪਜ ਕਰੇ , ਫੂਡ ਪਰੋਸੈਸਿੰਗ ਦੇ ਯੂਨਿਟ ਲੱਗਣ ਤੇ ਤੇਲ ਤੇ ਹੋਰ ਉਤਪਾਦ ਬਨਾਉਣ। ਕਾਸ਼ ਸਾਡੇ ਰਾਜਨੀਤਿਕ ਰਹਿਨੁਮਾਂ, ਖੇਤੀ ਸਾਇੰਸਦਾਨ ਤੇ ਕਿਸਾਨ ਅਜਿਹੇ ਖੇਤਰ ਵੱਲ ਧਿਆਨ ਦੇਣ।

ਤੇਲ ਟੈਸਟਿੰਗ ਕਮਰੇ ਵਿੱਚੋਂ ਅਸੀਂ ਕੁੱਝ ਸਾਮਾਨ ਤੇਲ, ਕਰੀਮਾਂ ਆਦਿ ਲੈ ਕੇ ਮਾਂਡਲਾ ਬੀਚ ਵੱਲ ਸਫ਼ਰ ਸ਼ੁਰੂ ਕੀਤਾ। ਜੈਤੂਨ ਦੇ ਬਾਗਾਂ ਵਿਚਲੀ ਸਪਿਰਿਚੁਅਲ ਛੋਹ ਨਾਲ ਸਰਸ਼ਾਰ ਸਮੁੰਦਰ ਦੀ ਬੀਚ ਦੇ ਆਨੰਦ ਦੀ ਕਲਪਣਾ ਨਾਲ ਅਸੀਂ ਕਾਰ ਵਿੱਚ ਸਵਾਰ ਹੋ ਗਏ।

❊ ❊ ❊ ❊ ❊

......ਸਫਾ 23 ਦੀ ਬਾਕੀ

ਜਨਮੀ ਵੀਹਵੀਂ ਸਤਮਾਹੀ ਔਲਾਦ ਸੀ। ਉਹ 1956 ਦੀਆਂ ਮੈਲਬਾਰਨ ਓਲਿੰਪਿਕਸ ਵਿੱਚ ਕੋਈ ਨਾ ਜਿੱਤ ਸਕੀ ਤਾਂ ਉਸ ਨੇ ਸੋਨ ਤਮਗੇ ਹਾਸਲ ਕਰਨ ਦਾ ਦ੍ਰਿੜ੍ਹ ਇਰਾਦਾ ਕੀਤਾ ਅਤੇ ਅੰਤਾਂ ਦੀ ਮਿਹਨਤ ਸਦਕਾ ਆਪਣਾ ਸੁਫਨਾ ਸਾਕਾਰ ਕਰਨ ਵਿੱਚ ਕਾਮਯਾਬ ਹੋ ਗਈ।

## ਇਨਕਲਾਬੀ ਸੈਣੀ ਯੋਧਾ

## -ਕਾਮਰੇਡ ਦੀਦਾਰ ਸਿੰਘ

ਰੂਪਨਗਰ ਜ਼ਿਲ੍ਹੇ ਦੇ ਪ੍ਰਸਿੱਧ ਪਿੰਡ ਖੇੜੀ ਸਲਾਬਤਪੁਰ ਦੇ ਦੀਦਾਰ ਸਿੰਘ ਅਜਿਹੇ ਇਨਕਲਾਬੀ ਕਮਿਊਨਿਸਟ ਸਨ ਜਿਨ੍ਹਾਂ ਨੇ ਸਾਰੀ ਉਮਰ ਲੋਕਾਂ ਦੇ ਹੱਕਾਂ ਲਈ ਲੜਦਿਆਂ ਬਤੀਤ ਕੀਤੀ। ਜੁਲਾਈ, 1935 ਵਿੱਚ ਸ. ਹਰਦਿਆਲ ਸਿੰਘ ਅਤੇ ਮਾਤਾ ਈਸ਼ਰ ਕੌਰ ਦੇ ਪਿੰਗਲੀਆ ਪਰਿਵਾਰ ਵਿੱਚ ਜਨਮੇ ਸ. ਦੀਦਾਰ ਸਿੰਘ ਨੇ 1952 ਵਿੱਚ ਖਾਲਸਾ ਸਕੂਲ ਚਮਕੌਰ ਸਾਹਿਬ ਤੋਂ ਮੈਟ੍ਰਿਕ ਕੀਤੀ। ਫਿਰ ਉਸ ਨੇ ਜੇ.ਬੀ.ਟੀ ਦੀ ਪੜ੍ਹਾਈ ਕਰ ਲਈ ਅਤੇ ਅਣਵੰਡੇ ਮਹਾਂਪੰਜਾਬ ਦੇ ਅੰਬਾਲਾ ਜ਼ਿਲ੍ਹੇ ਦੇ ਅਤਿ ਪਛੜੇ ਇਲਾਕੇ ਦੇ ਇੱਕ ਪਿੰਡ ਵਿੱਚ ਅਧਿਆਪਕ ਦੀਆਂ ਸੇਵਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ।



ਆਪ ਅਧਿਆਪਕਾਂ ਦੇ ਹੱਕਾਂ ਦੀ ਰਾਖੀ ਲਈ ਜੂਝਦੀ ਟਰੇਡ ਯੂਨੀਅਨ, ਗੌਰਮਿੰਟ ਟੀਚਰ ਯੂਨੀਅਨ ਦੇ ਸਰਗਰਮ ਵਰਕਰ ਬਣ ਗਏ ਅਤੇ ਚੋਣ ਜਿੱਤ ਕੇ ਜ਼ਿਲ੍ਹਾ ਅੰਬਾਲਾ ਦੀ ਯੂਨੀਅਨ ਦੇ ਪ੍ਰਧਾਨ ਨਿਯੁਕਤ ਹੋ ਗਏ। 1964 ਵਿੱਚ ਕਮਿਊਨਿਸਟ ਪਾਰਟੀ ਦੀ ਵੰਡ ਸਮੇਂ ਆਪ ਨੇ ਸੀ.ਪੀ.ਐਮ ਨਾਲ ਨਾਤਾ ਜੋੜ ਲਿਆ ਅਤੇ ਸਾਂਝੀ ਪਾਰਟੀ ਦੀਆਂ ਮੁਜ਼ਾਰਾ ਲਹਿਰਾਂ ਵਿੱਚ ਵੀ ਸਰਗਰਮ ਰਹੇ। ਰਾਜਨੀਤਿਕ ਵਿਰੋਧਾਂ ਦੇ ਚੱਲਦਿਆਂ ਕਾਮਰੇਡ ਦੀਦਾਰ ਸਿੰਘ ਨੂੰ ਇੱਕ ਸਾਜ਼ਿਸ਼ ਅਧੀਨ ਕੇਸ ਵਿੱਚ ਫਸਾ ਦਿੱਤਾ ਗਿਆ। ਇਸ ਦੇ ਨਤੀਜੇ ਵਜੋਂ ਆਪ ਨੂੰ ਸਜ਼ਾ ਹੋ ਗਈ ਅਤੇ 1969 ਤੋਂ 1974 ਤੱਕ ਜੇਲ੍ਹ ਵਿੱਚ ਰਹੇ। ਜੇਲ੍ਹ ਵਿੱਚ ਆਪ ਨੇ ਪੜ੍ਹਾਈ ਜਾਰੀ ਰਖਦਿਆਂ ਗ੍ਰੈਜੂਏਸ਼ਨ ਕੀਤੀ ਅਤੇ ਐਮ.ਏ ਹਿਸਟਰੀ ਦਾ ਪਹਿਲਾ ਭਾਗ ਪਾਸ ਕਰ ਲਿਆ। ਆਪ ਨੂੰ ਸਕੂਲ ਅਧਿਆਪਕ ਦੀ ਸਰਕਾਰੀ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ। ਉਨ੍ਹਾਂ ਨੇ ਮਿਹਨਤਕਸ਼ਾਂ ਦੇ ਹੱਕਾਂ ਲਈ ਜੂਝਦਿਆਂ ਦਿਨਰਾਤ ਇੱਕ ਕਰ ਦਿੱਤਾ। ਉਨ੍ਹਾਂ ਨੇ 1993 ਤੋਂ 1998 ਤੱਕ ਪਿੰਡ ਦੀ ਸਰਪੰਚੀ ਕੀਤੀ। ਲੋਕਾਂ ਲਈ ਮਰ ਮਿਟਣ ਵਾਲਾ ਇਹ ਯੋਧਾ ਨਿਰਸਵਾਰਥ, ਨਿਰਕਪਟ ਅਤੇ ਬੇਦਾਗ ਜੀਵਨ ਭੋਗ ਕੇ 14 ਜੁਲਾਈ,2021 ਨੂੰ 86 ਸਾਲ ਦੀ ਸਫਲ ਜਿੰਦਗੀ ਭੋਗ ਕੇ ਕੁਦਰਤ ਦੀ ਗੋਦ ਵਿੱਚ ਜਾ ਸੁੱਤਾ ਹੈ।

ਕਾਮਰੇਡ ਦੀਦਾਰ ਸਿੰਘ ਕੰਵਲ ਆਪਣੇ ਪਿੱਛੇ ਜੀਵਨਸਾਥਣ ਸ਼੍ਰੀਮਤੀ ਹਰਜੀਤ ਕੌਰ, ਦੋ ਪੁੱਤਰ ਸ. ਕੁਲਵੰਤ ਸਿੰਘ ਅਤੇ ਪ੍ਰਿੰਸੀਪਲ ਦਰਸ਼ਨਜੀਤ ਸਿੰਘ ਤੇ ਧੀ ਅਮਰਦੀਪ ਕੌਰ ਸਮੇਤ ਬਹੁਤ ਹੀ ਵਧੀਆ ਪਰਿਵਾਰ ਛੱਡ ਗਏ ਹਨ।

ਸੈਣੀ ਸੰਸਾਰ
Saini Sansar

Thank you

PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001